# ਸੁਕਰਾਤ ਦਾ ਗੀਤ

# ਰਵਿੰਦਰ ਰਵੀ ਰਚਿਤ ਪੁਸਤਕਾਂ

**ਕਵਿਤਾ :** ਦਿਲ ਦਰਿਆ ਸਮੁੰਦਰੋਂ ਡੂੰਘੇ, ਬੁੱਕਲ ਦੇ ਵਿਚ ਚੋਰ, ਬਿੰਦੂ, ਮੌਨ ਹਾਦਸੇ, ਦਿਲ-ਟ੍ਰਾਂਸਪਲਾਟ ਤੋਂ ਬਾਅਦ, ਸ਼ਹਿਰ ਜੰਗਲੀ ਹੈ, ਮੇਰੇ ਮੌਸਮ ਦੀ ਵਾਰੀ, ਜਲ ਭਰਮ-ਜਲ, ਚਿੱਟੇ ਕਾਲੇ ਧੱਬੇ, ਸੀਮਾਂ ਆਕਾਸ਼, ਸ਼ੀਸ਼ੇ 'ਤੇ ਦਸਤਕ, ਆਪਣੇ ਖ਼ਿਲਾਫ਼, ਸੂਰਜ ਤੇਰਾ ਮੇਰਾ, ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਛਾਵਾਂ ਤੇ ਪਰਛਾਵੇਂ, ਬਾਜ਼ ਦੀ ਨਜ਼ਰ, ਨਵੀਂ ਸਦੀ ਦੀ ਨਵੀਂ ਨਸਲ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ, ਫੇਸਬੁੱਕ ਕਵਿਤਾ, ਮੈਂ-ਕਾਲ: ਤ੍ਰੈਕਾਲ, ਪਾਰ ਗਾਥਾ, ਦਰਪਨ ਤੇ ਦਰਸ਼ਨ, ਸੁਕਰਾਤ ਦਾ ਗੀਤ।

**ਸਮੁੱਚੀ ਕਵਿਤਾ :** ਅਕੱਥ-ਕਥਾ, ਸੈਂਚੀ ਪਹਿਲੀ, 1955-66 (ਭਾਰਤ), ਵਣ-ਵਾਣੀ, ਸੈਂਚੀ ਦੂਜੀ, 1967-74 (ਕੀਨੀਆ), ਪਿਆਸਾ ਬੱਦਲ, ਸੈਂਚੀ ਤੀਜੀ 1975-86 (ਕੈਨੇਡਾ), ਸ਼ਬਦ ਸਾਗਰ, ਸੈਂਚੀ ਚੌਥੀ, 1986-2003 (ਕੈਨੇਡਾ), ਪਿੰਡ ਬ੍ਰਹਮੰਡ, ਸੈਂਚੀ ਪੰਜਵੀਂ, 2003-2014 (ਕੈਨੇਡਾ)

**ਕਾਵਿ-ਨਾਟਕ :** ਬੀਮਾਰ ਸਦੀ, ਦਰ ਦੀਵਾਰਾਂ, ਅੱਧੀ ਰਾਤ ਦੁਪਹਿਰ, ਚੌਕ ਨਾਟਕ, ਰੂਹ ਪੰਜਾਬ ਦੀ, ਸਿਫ਼ਰ ਨਾਟਕ, ਤਿੰਨ ਨਾਟਕ ('ਮੱਕੜੀ ਨਾਟਕ', 'ਰੁਕੇ ਹੋਏ ਯਥਾਰਥ' ਤੇ 'ਪਛਾਣ ਨਾਟਕ'), ਮਨ ਦੇ ਹਾਣੀ, ਮਖੌਟੇ ਤੇ ਹਾਦਸੇ, ਚੱਕ੍ਰਵਿਊਹ ਤੇ ਪਿਰਾਮਿਡ, ਆਪੋ ਆਪਣੇ ਦਰਿਆ, ਹੋਂਦ ਨਿਹੋਂਦ, ਪਰਤੱਖ ਤੋਂ ਅਗਾਂਹ (ਦੋ ਕਾਵਿ ਨਾਟਕ : 'ਭਰਮ-ਜਲ' ਅਤੇ 'ਸਿਆਸੀ ਦੰਦ-ਕਥਾ')

**ਸਮੁੱਚਾ ਨਾਟਕ :** ਮੰਚ ਨਾਟਕ (1974-1990), ਮੇਰੇ ਕਾਵਿ-ਨਾਟਕ-1 (1974-1983), ਮੇਰੇ ਕਾਵਿ-ਨਾਟਕ-2 (1984-1987), ਮੇਰੇ ਕਾਵਿ-ਨਾਟਕ-3 (1990- 2005), ਮੇਰੇ ਕਾਵਿ-ਨਾਟਕ-4 (2008-2010), ਮੇਰੇ ਕਾਵਿ-ਨਾਟਕ 5 ਸੈਂਚੀ ਪੰਜਵੀਂ (2015-2017)

**ਤ੍ਰੈਲੜੀ ਨਾਟਕ :** ਸੂਰਜ ਨਾਟਕ (1974-1983)

**ਨਾਟਕ ਤੇ ਰੰਗਮੰਚ :** ਦੋ ਨਾਟਕ ਤੇ ਰੰਗਮੰਚ, ਦਰ ਦੀਵਾਰਾਂ ਤੇ ਸਿਆਸੀ ਦੰਦ-ਕਥਾ : ਮੂਲ-ਪਾਠ ਅਤੇ ਰੰਗਮੰਚਕੀ ਵੇਰਵੇ (2019), ਚੌਕ ਨਾਟਕ ਤੇ ਸਿਫਰ ਨਾਟਕ : ਮੂਲ ਪਾਠ ਤੇ ਰੰਗਮੰਚਕੀ ਵੇਰਵੇ (2020)

**ਕਹਾਣੀ :** ਚਰਾਵੀ, ਜੁਰਮ ਦੇ ਪਾਤਰ, ਸ਼ਹਿਰ ਵਿਚ ਜੰਗਲ, ਕੋਨ ਪ੍ਰਤੀਕੋਨ, ਮੈਲੀ ਪੁਸਤਕ, ਜਿੱਥੇ ਦੀਵਾਰਾਂ ਨਹੀਂ, ਕੰਪਿਊਟਰ ਕਲਚਰ, ਆਪਣੇ ਆਪਣੇ ਟਾਪੂ, ਗੋਰੀਆਂ ਸ਼ਹੀਦੀਆਂ

**ਸਮੁੱਚੀ ਕਹਾਣੀ :** ਅਘਰਵਾਸੀ (1955-1984), ਮੇਰੀ ਕਹਾਣੀ (1955-2005), ਮੇਰੀਆਂ ਸਾਰੀਆਂ ਕਹਾਣੀਆਂ (1955-2010)

**ਚਰਚਤ ਕਹਾਣੀ :** ਸਮੇਂ ਦੇ ਨਾਲ ਨਾਲ (1955-1989)

**ਪ੍ਰਤਿਨਿਧ ਕਹਾਣੀ :** ਖੰਭਾਂ ਵਾਲੇ ਪਿੰਜਰੇ (1955-2000), ਚੋਣਵੀਆਂ ਕਹਾਣੀਆਂ (ਇਸਤਰੀ ਮਰਦ ਪ੍ਰਸੰਗ), ਚੋਣਵੀਆਂ ਕਹਾਣੀਆਂ-2 (ਬ੍ਰਹਮੰਡਕ ਸਰੋਕਾਰ), ਮੇਰੀਆਂ 55 ਚੋਣਵੀਆਂ ਕਹਾਣੀਆਂ (1955-2010)

**ਸਫ਼ਰਨਾਮਾ :** ਸਿਮਰਤੀਆਂ ਦੇ ਦੇਸ਼

**ਵਾਰਤਕ :** ਮੇਰੀ ਸਾਹਿਤਕ ਸਵੈ-ਜੀਵਨੀ, ਐਟਸੈਟਰਾ-2, ਐਟਸੈਟਰਾ-3, ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸੈ ਜੀਵਨੀ), ਐਟਸੈਟਰਾ-4

**ਸਮੀਖਿਆ :** ਪ੍ਰਯੋਗਸ਼ੀਲ ਕਾਵਿ-ਦਰਪਨ, ਮੇਰਾ ਕਾਵਿ-ਨਾਟ-ਲੋਕ, ਐਟਸੈਟਰਾ-1, ਮੇਰਾ ਥੀਏਟਰ ਤੇ ਇੱਕੀਵੀਂ ਸਦੀ, ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸ, ਸਿਧਾਂਤਕ ਤੇ ਤਕਨੀਕੀ ਪਰਿਪੇਖ

**ਸੰਪਾਦਨ :** ਵਿਸ਼ਵ ਪੰਜਾਬੀ ਸਾਹਿਤ, ਕਵਿਤਾ ਸਨਮੁਖ, ਕਥਾ ਸਨਮੁਖ, ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ), ਕਥਾ ਸਨਮੁਖ-2,

**ਅੰਗਰੇਜ਼ੀ :** Wind Song (Poetry), Wind Song-2 (Poetry)
Restless Soul (Poetry), Cosmic Symphony (Short Stories)

**ਹੋਰਨਾਂ ਨਾਲ :** The Rebel Sound (Poetry)

**ਸਾਂਝੀਆਂ** The Voices of Dissent (Poetry), Green Snow (Poetry)

**ਹਿੰਦੀ :** ਅੰਧੇਰਾ ਯੂਕਲਿਪਟਸ ਔਰ ਆਗ (ਕਹਾਣੀਆਂ), ਸੂਰਜ ਕਾ ਤਕੀਆ (ਕਵਿਤਾ)

## ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)

**ਕਾਵਿ-ਸੰਗ੍ਰਹਿ :** ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ, ਨਵੀਂ ਸਦੀ ਦੀ ਨਵੀਂ ਨਸਲ, ਦਰਪਨ ਤੇ ਦਰਸ਼ਨ

**ਚੋਣਵੀਂ ਕਵਿਤਾ :** ਹੀਰਿਆਂ ਦਾ ਚੋਗ (1974-89)

**ਚੋਣਵੀਂ ਕਹਾਣੀ :** ਖੰਭਾਂ ਵਾਲੇ ਪਿੰਜਰੇ (1955-2000), ਵਗਦੇ ਦਰਿਆ (1967-2010)

**ਸਮੁੱਚਾ ਨਾਟਕ :** ਮੰਚ ਨਾਟਕ (1974-1990), ਕਾਵਿ-ਨਾਟਕ : ਮਨ ਦੇ ਹਾਣੀ (2005)

# ਸੁਕਰਾਤ ਦਾ ਗੀਤ

ਕਾਵਿ-ਸੰਗ੍ਰਹਿ 2022




ਰਵਿੰਦਰ ਰਵੀ

ਐਵਿਸ ਪਬਲੀਕੇਸ਼ਨਜ਼

**Sukrat Da Geet *(Poems)***
**Song of Socrates (Poems)**
*by :* **Ravinder Ravi (R. S. GILL)**

116 - 3530 Kalum Street
Terrace, B.C., Canada V8G 2P2
Telephone : (250) 635 4455
E-mail: **ravi37@telus.net** and **r.ravi@live.ca**
My Website/blog : **www.ravinder-ravi.com**

*All rights reserved. No part of this books may be reproduced, stored in a retrieval system, or transmitted in any form or by any means, electronic, mechanical, photocopying recording or otherwise without prior written permission from both Author and Publisher.*

**Avis Publications**
Delhi Off. : 12-B, Pleasure Garden Market, Chandni Chowk, Delhi-110066
Chd Off. : SCO : 9, Ist Floor, VIP Shopping Complex, Nr. Syndicate Bank,
VIP Road, Zirakpur-140603 (Distt. S.A.S. Nagar)
email : avispublications@gmail.com
website : www.avispublications.com

ISBN : 978-93-86837-

Edition : 2022

© All Rights Reserved

ਪ੍ਰਕਾਸ਼ਕ : ਐਵਿਸ ਪਬਲੀਕੇਸ਼ਨਜ਼
12-ਬੀ, ਪਲੱਈਅਰ ਗਾਰਡਨ ਮਾਰਕੀਟ,
ਚਾਂਦਨੀ ਚੌਂਕ, ਦਿੱਲੀ-110006
ਫ਼ੋਨ ਨੰ. : 9873237223, 8699844844

ਐਸ.ਸੀ.ਓ.-9, ਵੀ.ਆਈ.ਪੀ. ਸ਼ਾਪਿੰਗ ਕੌਂਮਪਲੈੱਕਸ,
ਵੀ.ਆਈ.ਪੀ. ਰੋਡ, ਜ਼ੀਰਕਪੁਰ-140603 (ਮੋਹਾਲੀ) ਪੰਜਾਬ
ਫ਼ੋਨ ਨੰ. : 01762-652999, 9873237223
ਪ੍ਰਿੰਟਰ : ਰਚਨਾ ਪ੍ਰਿੰਟਰਜ਼, ਦਿੱਲੀ-110006
ਮੁੱਲ : 395/-

ਪੱਛਮੀਂ ਫਲਸਫੇ ਦੇ ਮੋਢੀ

ਵਿਸ਼ਵ ਪ੍ਰਸਿੱਧ ਯੂਨਾਨੀ ਫਿਲਾਸਫਰ

# ਸੁਕਰਾਤ

ਦੇ ਨਾਂ

# ਤਰਤੀਬ


• ਰਵਿੰਦਰ ਰਵੀ ਦਾ ਜੀਵਨ ਬਿਓਰਾ 11
• 'ਸੁਕਰਾਤ ਦਾ ਗੀਤ' : ਆਰੰਭਕ ਸ਼ਬਦ 17
*ਰਵਿੰਦਰ ਰਵੀ*
• ਚਿੱਟੀ ਦਾੜ੍ਹੀ ਵਾਲਾ ਮਾਹੀਗੀਰ: ਰਵਿੰਦਰ ਰਵੀ ਦਾ ਕਾਵਿ-ਚਿੱਤਰ 20
*ਗਗਨ ਮੀਤ*


## ਕਵਿਤਾਵਾਂ


➢ ਸੁਕਰਾਤ ਦਾ ਗੀਤ 25
➢ ਆਪੋ ਆਪਣਾ ਸੁਕਰਾਤ 27
➢ ਸਹਿ-ਹੋਂਦ ਦਾ ਫ਼ਲਸਫ਼ਾ 29
➢ ਯਾਦਾਂ: ਅਧੂਰੀਆਂ ਨਜ਼ਮਾਂ ਦਾ ਕਿੱਸਾ 30
➢ ਹੁਣ ਦਾ ਦਰਸ਼ਨ 32
➢ ਆਂਡੇ ਦੀ ਉਡਾਣ 33
➢ ਆਦਿ ਦਾ ਅਨੰਤ ਇਤਿਹਾਸ 34
➢ ਬੁੱਲ੍ਹਾ ਬਾਤ, ਬੁਝਾਰਤ ਬੁੱਲ੍ਹਾ 36
➢ ਸ਼ਾਇਰ ਦਾ ਦਿਲ 37
➢ ਮੇਰਾ ਯਾਰ: ਇਕ 'ਪਾਰ ਅਰਥ' ਪਹੇਲੀ 38
➢ ਸ਼ਬਦਾਂ ਦਾ ਜਾਦੂਗਰ 41
➢ ਮੁਹੱਬਤ: ਪਰਿਭਾਸ਼ਾ ਦੀ ਤਲਾਸ਼ ਵਿੱਚ 43
➢ ਬੀਜ ਬਨਾਮ ਬੇ-ਬੀਜ 45
➢ ਸ਼ਬਦ: ਮੈਂ ਤੇ ਤੂੰ (ਕਿੱਸਾ ਪੜਯਥਾਰਥਕ/Surreal ਇਸ਼ਕ ਦਾ) 47
➢ ਪਾਰ ਯਥਾਰਥ 49
➢ 'ਇਕ' ਹੋਵਣ ਦਾ ਝੱਲ, ਓ ਬੁੱਲ੍ਹਿਆ! 52
➢ ਮਖੌਟੇ, ਸ਼ਬਦ ਤੇ ਕਵਿਤਾ 53
➢ ਫਾਸਲਿਆਂ ਦਾ ਸਫਰ 54
➢ ਨਵਾਂ ਮੁੱਢ: ਆਪੋ ਆਪਣੀ ਕੁਦਰਤ 56

➢ ਖੋਟੇ ਸਿੱਕੇ 58
➢ ਇਕ ਜੀਵਨ, ਅਨੇਕ ਨਾਟਕ 59
➢ ਇਸ਼ਕ ਦੇ ਅਮਰ ਨਿਸ਼ਾਨ 60
➢ ਮੁਹੱਬਤ: ਮਜ਼ੇਦਾਰ ਹਾਦਸਾ 62
➢ ਮੁਹੱਬਤ ਦਾ ਮਾਡਲ 64
➢ ਅਰਥਾਂ ਦਾ ਤਾਣਾ ਬਾਣਾ 66
➢ ਸਮਾਂ ਤੇ ਸਵੇਰ 67
➢ ਸਾਡਾ ਸ਼ੀਸ਼ਾ, ਸਾਡਾ ਸਮਾਂ 69
➢ ਖਵਾਬ ਤੋਂ ਖਵਾਬ ਤਕ 72
➢ ਜ਼ਿੰਦਗੀ ਮੌਤ ਦੇ ਨਾਲ ਨਾਲ 74
➢ ਰਚਨਾ ਬਨਾਮ ਫਹਿਰਿਸਤਕਾਰੀ 76
➢ ਆਪਣੇ ਚੁਰਾਸੀਵੇਂ ਜਨਮ-ਦਿਨ ’ਤੇ 78
➢ ਚਾਬੀਆਂ ਵਾਲੀ ਪਤਨੀ: ਇਕ ਕਾਵਿ-ਕਥਾ 79
➢ ਕਿੱਸਾ ਮਸ਼ੀਨੀ ਯੁੱਗ ਦੇ ਰਾਂਝੇ ਤੇ ਹੀਰ ਦਾ 81
➢ ਸਿਫ਼ਰ ਦਾ ਸਿੱਕਾ 84
➢ ਮਹਾਂ ਭਾਰਤ ਦੀ ਕਹਾਣੀ 85
➢ ਪੰਛੀ, ਪਿੰਜਰਾ ਤੇ ਅਸਮਾਨ 86
➢ ਮਛਲੀ, ਇੱਛਾ ਤੇ ਸੂਰਜ: ਇਕ ਪ੍ਰਭਾਵ-ਸਕੇਪ 88
➢ ਸ਼ੀਸ਼ਾ, ਚਿਹਰਾ ਤੇ ਮੁਹੱਬਤ 89
➢ ਆਦਿ ਸੱਚ 90
➢ ਫੇਸਬੁੱਕ ਟੱਬਰ 91
➢ ਫੇਸਬੁੱਕ ਦੀ ਦੋਸਤੀ ਤੇ ਮੈਂ 92
➢ ਥੋਥਾ ਚਨਾਂ, ਬਾਜੈ ਘਨਾਂ: ਕੁਝ ਊਲ ਜਲੂਲ ਬਿੰਬ 94
➢ ਮਹਾਂ ਪਰਲੋ ਤੋਂ ਪਹਿਲਾਂ: ਸਵਾਲ ਹੀ ਸਵਾਲ??? 97
➢ ਬੱਦਲ ’ਚੋਂ ਸੱਤ-ਰੰਗੀ ਫੜ ਕੇ 99
➢ ਚੱਕਰ ਇਸ਼ਕ 100
➢ ਖੜੋਤੀ ਰੁੱਤ ਦਾ ਗੀਤ 102
➢ ਅੱਖ ਦਾ ਕੋਨ 104

➣ ਮੈਂ, ਮੇਰੀ ਇਕੱਲ ਤੇ ਅੱਖਾਂ ਵਿੱਚ ਲਟਕਦੇ ਸੁਫਨੇ 105
➣ ਹੋਂਦ: ਬਦਲਦੇ ਸੰਦਰਭ 106
➣ ਟੁੱਟੀਆਂ ਸੂਈਆਂ ਵਾਲੀ ਘੜੀ 108
➣ ਕਿਰਦਾਰਾਂ ਦੇ ਚਿਹਰੇ: ਇਕ ਪ੍ਰਭਾਵ 110
➣ ਮੈਂ, ਮੌਸਮ ਤੇ ਸਫ਼ਰ: ਇਕ ਅਨੰਤ ਗਾਥਾ 111
➣ ਮੱਛਲੀ: ਲੱਭਤ ਤੇ ਈਜਾਦ 114
➣ ਕਵੀ: ਸ਼ਬਦ ਤੇ ਅਰਥ ਦੀ ਇਕਾਈ 115
➣ ਟਾਈਮ-ਕੈਪਸਿਊਲ ਵਿੱਚ ਤੂਫ਼ਾਨ 116
➣ ਕਿਸਾਨ ਅੰਦੋਲਨ: ਇਕ ਦ੍ਰਿਸ਼ਟੀਕੋਣ, ਇਕ ਕਵਿਤਾ 118
➣ ਨਵੀਂ ਜਾਗੋ 120
➣ ਕੋਰੋਨਾ-ਕਾਲ ਵਿੱਚ ਮੇਲ: ਟੋਟਕੇ 121
➣ ਲੋਕ-ਤੰਤਰ ਬਨਾਮ ਤਾਨਾ ਸ਼ਾਹੀ 122
➣ ਰਾਜਨੀਤਕ ਨੇਤਾ 124
➣ ਵੈਕਸੀਨ ਦੀ ਉਡੀਕ ਵਿੱਚ: ਐਬਸਰਡ ਨਾਟਕ 125
➣ ਸਿਆਸੀ ਦੰਗਲ 127
➣ ਖੋਤਾ ਖੂਹ ਵਿੱਚ 128
➣ ਸ਼ਾਸਕ ਭਵਨ ਦਾ ਗੰਗਾ ਰਾਮ 130
➣ ਸਜ਼ਾ ਤੇ ਸਰਾਪ: ਮੋਦੀ ਤੇ ਕੈਪਟਨ ਦੇ ਨਾਂ 132
➣ ਲੋਕ-ਰਾਜ ਫਿਰ ਸੇਲ ਦੇ ਉੱਤੇ: ਪੰਜਾਬ ਦਾ ਚੋਣ-ਦੰਗਲ 133
➣ ਸਾਡਾ ਲੋਕ-ਰਾਜ: ਰਿਸ਼ਵਤ ਦੀ ਜੀਵਨ-ਸ਼ੈਲੀ 136
(ਪੰਜਾਬ ਵਿੱਚ 2021 ਦੇ ਚੋਣ-ਦੰਗਲ ਦੇ ਸੰਦਰਭ ਵਿੱਚ)

## ਅੰਤਿਕਾ

• ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ 141
• ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ 143
• ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ 145
• ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ 147
• ਰਵਿੰਦਰ ਰਵੀ ਦੀ ਸਵੈ-ਜੀਵਨੀ: 7 ਵੀਡੀਓ-ਭਾਗਾਂ ਵਿਚ, 148
ਉਸ ਦੇ ਵੈਬਸਾਈਟ ਉੱਤੇ : w.ravinder-ravi.com

- ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ 149
- ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ.ਐਚ.ਡੀ. ਪੱਧਰ ਦਾ ਖੋਜ-ਕਾਰਜ 151
- ਰਵਿੰਦਰ ਰਵੀ ਦੇ ਸਾਹਿਤ ਉੱਤੇ ਐਮ.ਫਿਲ. ਤੇ ਐਮ.ਏ. ਪੱਧਰ ਦਾ ਖੋਜ-ਕਾਰਜ 153
- ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ 155
- ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ 158
- 'ਇਆਪਾ' (I.A.P.A.A.) ਵਲੋਂ ਦਿੱਤੇ ਗਏ ਪੁਰਸਕਾਰ 159


## ਪੁਸਤਕ ਦਰਸ਼ਨ


- ਰਵਿੰਦਰ ਰਵੀ ਦੀ ਕਾਵਿ ਪਰਪੱਕਤਾ ਦਾ ਨਵਾਂ ਅੰਬਰ 'ਦਰਪਨ ਤੇ ਦਰਸ਼ਨ' 165
  *ਰਵਿੰਦਰ ਸਿੰਘ ਸੋਢੀ*
- ਦਰਪਨ ਤੇ ਦਰਸ਼ਨ: ਸੁਹਜਾਤਮਿਕ ਤੇ ਚਿੰਤਨਸ਼ੀਲ ਕਾਵਿ 171
  *ਗਗਨ ਮੀਤ*
- ਦਰਪਨ ਤੇ ਦਰਸ਼ਨ (ਕਾਵਿ ਸੰਗ੍ਰਹਿ) ਰਵਿੰਦਰ ਰਵੀ 175
  *ਡਾ. ਹਰਿੰਦਰ ਸਿੰਘ ਤੁੜ*

## ਰਵਿੰਦਰ ਰਵੀ ਦਾ ਜੀਵਨ ਬਿਓਰਾ

**ਜਨਮ :** ਮਾਰਚ 8, 1937, ਸਿਆਲਕੋਟ (ਪਾਕਿਸਤਾਨ)
**ਜਨਮ-ਮਿਤੀ :** ਸਰਕਾਰੀ ਰੀਕਾਰਡ ਵਿਚ ਮਾਰਚ 8, 1938 ਦਰਜ ਹੈ
**ਪਿਤਾ :** ਪ੍ਰੋ. ਪਿਆਰਾ ਸਿੰਘ ਗਿੱਲ
**ਮਾਤਾ :** ਚਰਨਜੀਤ ਕੌਰ
**ਪਤਨੀ :** ਕਸ਼ਮੀਰ ਕੌਰ
**ਪੁੱਤਰ :** ਅੰਮ੍ਰਿਤਪਾਲ ਅਤੇ ਸਹਿਜਪਾਲ
**ਨੂੰਹਾਂ :** ਪਲਬਿੰਦਰ ਤੇ ਮਨਵੀਨ
**ਪੋਤਰੀਆਂ :** ਮਨਪ੍ਰੀਯਾ ਤੇ ਮੋਹਨਾਮ
**ਪੋਤਰੇ :** ਈਮਾਨ, ਕੁਰਬਾਨ ਤੇ ਸਾਗਰ
**ਵਿੱਦਿਆ :** ਐਮ. ਏ., ਬੀ. ਏ. (ਆਨਰਜ਼), ਬੀ. ਟੀ.
**ਜੱਦੀ ਪਿੰਡ :** ਜਗਤਪੁਰ (ਨਵਾਂ ਸ਼ਹਿਰ)

ਰਵੀ ਨੇ ਮੁੱਢਲੀ ਵਿੱਦਿਆ ਸਿਆਲਕੋਟ ਦੇ ਖਾਲਸਾ ਸਕੂਲ ਵਿਚ ਪ੍ਰਾਪਤ ਕੀਤੀ ਅਤੇ ਚੌਥੀ ਸ਼੍ਰੇਣੀ ਵਿਚ ਡਿਸਟ੍ਰਿਕਟ ਬੋਰਡ ਦਾ ਵਜ਼ੀਫ਼ਾ ਵੀ ਹਾਸਿਲ ਕੀਤਾ। ਉਸ ਦੇ ਪਿਤਾ ਉਸ ਸਮੇਂ ਮਰੇ ਕਾਲਜ ਸਿਆਲਕੋਟ ਵਿਚ ਪੰਜਾਬੀ ਦੇ ਅਧਿਆਪਕ ਸਨ। 1947 ਦੇ ਬਟਵਾਰੇ ਉਪਰੰਤ ਰਵਿੰਦਰ ਰਵੀ ਸਿਆਲਕੋਟ ਨੂੰ ਛੱਡ ਕੇ ਆਪਣੇ ਪਰਵਾਰ ਸਮੇਤ, ਆਪਣੇ ਜੱਦੀ ਪਿੰਡ ਜਗਤਪੁਰ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਆ ਵੱਸਿਆ। ਏਥੋਂ ਡੇਢ ਕੁ ਮੀਲ 'ਤੇ ਸਥਿਤ ਸਰਹਾਲ ਕਾਜ਼ੀਆਂ ਦੇ ਖਾਲਸਾ ਹਾਈ ਸਕੂਲ ਤੋਂ ਉਸ ਨੇ, 1952 ਵਿਚ, ਮੈਟ੍ਰਿਕੁਲੇਸ਼ਨ ਦਾ ਇਮਤਿਹਾਨ ਪਾਸ ਕੀਤਾ ਅਤੇ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਚ ਐਫ. ਐਸ. ਸੀ. (ਮੈਡੀਕਲ) ਵਿਚ ਦਾਖ਼ਲਾ ਲੈ ਲਿਆ। ਉਨ੍ਹਾਂ ਦਿਨਾਂ ਵਿਚ ਉਸ ਦੇ ਪਿਤਾ ਪ੍ਰੋਫੈਸਰ ਪਿਆਰਾ ਸਿੰਘ ਗਿੱਲ,ਇਸ ਕਾਲਜ ਵਿਚ ਪੰਜਾਬੀ ਦੇ ਅਧਿਆਪਕ ਸਨ। ਉਨ੍ਹਾਂ ਦੀ ਇੱਛਾ ਸੀ ਕਿ ਰਵੀ ਐਮ. ਬੀ. ਬੀ. ਐਸ. ਕਰਕੇ ਡਾਕਟਰ ਬਣੇ। ਪਰ ਰਵੀ ਨੂੰ ਮੈਡੀਕਲ ਸਾਇੰਸ ਦੇ ਇਨ੍ਹਾਂ ਵਿਸ਼ਿਆਂ ਵਿਚ ਕੋਈ ਦਿਲਚਸਪੀ ਨਹੀਂ ਸੀ। ਐਫ. ਐਸ. ਸੀ. 'ਚੋਂ ਦੋ ਕੁ ਵਾਰ ਫੇਲ੍ਹ ਹੋ ਕੇ, 1955 ਵਿਚ ਉਸ ਨੇ ਜਲੰਧਰ ਦੇ ਦੋਆਬਾ ਖਾਲਸਾ ਹਾਈ ਸਕੂਲ ਵਿਚ ਜੇ. ਬੀ. ਟੀ. (ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ) ਵਿਚ ਦਾਖ਼ਲਾ ਲੈ ਲਿਆ। 14 ਮਈ, 1956 ਨੂੰ, ਜੇ. ਬੀ. ਟੀ. ਪਾਸ ਕਰਨ ਉਪਰੰਤ, ਉਹ ਆਪਣੇ ਜੱਦੀ ਪਿੰਡ

ਜਗਤਪੁਰ ਦੇ ਸਕੂਲ ਵਿਚ ਅਧਿਆਪਕ ਲੱਗ ਗਿਆ। ਅਗਲੇ 8 ਕੁ ਸਾਲਾਂ ਵਿਚ ਏਥੇ ਪੜ੍ਹਾਉਂਦਿਆਂ ਹੀ ਉਸ ਨੇ ਗਿਆਨੀ, ਬੀ. ਏ., ਐਮ. ਏ. ਅਤੇ ਬੀ. ਟੀ. ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਇਸ ਉਪਰੰਤ 6 ਕੁ ਮਹੀਨੇ ਜਲੰਧਰ ਦੇ ਗੌਰਮੈਂਟ ਮਾਡਲ ਹਾਇਰ ਸੈਕੰਡਰੀ ਸਕੂਲ ਵਿਚ ਅਤੇ ਦੋ ਕੁ ਸਾਲ ਤਲਵਣ, ਜ਼ਿਲ੍ਹਾ ਜਲੰਧਰ ਦੇ ਗੌਰਮੈਂਟ ਹਾਇਰ ਸੈਕੰਡਰੀ ਸਕੂਲ ਵਿਚ ਉਸ ਨੇ ਅੰਗਰੇਜ਼ੀ ਅਤੇ ਪੰਜਾਬੀ ਦਾ ਅਧਿਆਪਨ ਕੀਤਾ। ਇਸ ਤਰ੍ਹਾਂ ਰਵਿੰਦਰ ਰਵੀ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਲਗਭਗ ਦਸ ਸਾਲ ਅਧਿਆਪਨ ਉਪਰੰਤ ਜਨਵਰੀ 1967 ਵਿਚ ਕੀਨੀਆਂ ਚਲਾ ਗਿਆ। ਅਗਲੇ ਅੱਠ ਸਾਲ ਕੀਨੀਆਂ ਵਿਚ ਅਧਿਆਪਨ ਦੇ ਦੌਰਾਨ ਉਸ ਨੇ ਯੂਰਪ, ਉੱਤਰੀ ਅਮਰੀਕਾ, ਅਫ਼ਰੀਕਾ ਤੇ ਏਸ਼ੀਆ ਦੇ ਕਈ ਦੇਸ਼ਾਂ ਦਾ ਵਿਸ਼ਾਲ ਦੇਸ਼ਾਰਟਨ ਕੀਤਾ।

1974 ਦੇ ਅੰਤ ਵਿਚ ਉਹ ਮੱਧ ਪੂਰਬ, ਯੂਰਪ ਤੇ ਇੰਗਲੈਂਡ ਦੀ ਗਰਦੌਰੀ ਕਰਦਾ, ਪੱਕੇ ਤੌਰ 'ਤੇ ਕੈਨੇਡਾ ਆ ਗਿਆ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਪ੍ਰਾਂਤ ਦੇ ਵਿੱਦਿਅਕ ਮੰਤਰਾਲੇ ਤੋਂ ਉਸ ਨੇ 1975 ਵਿਚ ਪ੍ਰੋਫੈਸ਼ਨਲ ਟੀਚਿੰਗ ਸਰਟੀਫਿਕੇਟ ਪ੍ਰਾਪਤ ਕੀਤਾ ਤੇ ਬੀ. ਸੀ. ਕਾਲਜ ਆਫ ਟੀਚਰਜ਼ ਦਾ ਮੈਂਬਰ ਬਣ ਗਿਆ। ਬਾਅਦ ਵਿਚ ਉਸ ਨੇ ਸ਼ਿਕਾਰ ਖੇਡਣ (Hunting) ਦਾ ਡਿਪਲੋਮਾ ਵੀ ਪ੍ਰਾਪਤ ਕੀਤਾ।

ਏਥੇ ਸੈਕੰਡਰੀ ਸਕੂਲ ਵਿਚ ਅੰਗੇਰਜ਼ੀ ਤੇ ਸਮਾਜ-ਸ਼ਾਸਤਰ ਵਿਭਾਗ ਦੇ ਮੁਖੀ ਦੇ ਤੌਰ 'ਤੇ ਗਿਆਰਾਂ ਕੁ ਸਾਲ ਅੰਗਰੇਜ਼ੀ ਭਾਸ਼ਾ, ਅੰਗਰੇਜ਼ੀ ਸਾਹਿਤ, ਪੱਤਰਕਾਰੀ ਤੇ ਸਾਹਿਤ-ਰਚਨਾ ਪੜ੍ਹਾਉਣ ਉਪਰੰਤ ਡਿਸਟ੍ਰਿਕਟ ਰੀਸੋਰਸ ਸੈਂਟਰ ਦਾ ਕੋਆਰਡੀਨੇਟਰ ਬਣ ਕੇ ਉਹ ਖੋਜ-ਵਿੱਦਿਆ ਪੜ੍ਹਾਉਂਦਾ ਰਿਹਾ। ਸਤੰਬਰ, 1991 ਤੋਂ 30 ਜੂਨ, 2003 ਤਕ, ਉਸ ਨੇ ਨਿਸਗਾ ਟੀਚਰਜ਼ ਯੂਨੀਅਨ ਦੇ ਕੁਲਵਕਤੀ ਪ੍ਰਧਾਨ ਦੇ ਤੌਰ 'ਤੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਅਧਿਆਪਕ ਰਾਜਨੀਤੀ ਅਤੇ ਟ੍ਰੇਡ ਯੂਨੀਅਨ ਮੂਵਮੈਂਟ ਵਿਚ ਸਰਗਰਮ ਹਿੱਸਾ ਲਿਆ ਤੇ ਆਪਣਾ ਯੋਗਦਾਨ ਪਾਇਆ। 1 ਜਲਾਈ, 2003 ਤੋਂ ਉਹ ਅਧਿਆਪਨ ਦੇ ਇਸ ਕਿੱਤੇ ਤੋਂ ਪੂਰਨ ਤੌਰ 'ਤੇ ਸੇਵਾ-ਮੁਕਤ ਹੋ ਕੇ ਕੁਲਵਕਤੀ ਲੇਖਕ ਬਣ ਗਿਆ।

ਰਵੀ ਸਭ ਤੋਂ ਪਹਿਲਾ ਪਰਵਾਸੀ ਲੇਖਕ ਹੈ, ਜਿਸ ਨੂੰ ਭਾਸ਼ਾ ਵਿਭਾਗ ਪੰਜਾਬ ਤੇ ਪੰਜਾਬ ਆਰਟਸ ਕੌਂਸਲ ਨੇ, 1980 ਵਿਚ ਸ਼੍ਰੋਮਣੀ ਸਾਹਿਤਕਾਰ ਦੇ ਪੁਰਸਕਾਰਾਂ ਨਾਲ ਸਨਮਾਨਿਆ। ਉਸਦੇ ਨਾਟਕ "ਅੱਧੀ ਰਾਤ ਦੁਪਹਿਰ" (1983) ਨੂੰ ਭਾਸ਼ਾ ਵਿਭਾਗ ਪੰਜਾਬ ਨੇ 'ਈਸ਼ਵਰ ਚੰਦਰ ਨੰਦਾ ਪੁਰਸਕਾਰ' ਨਾਲ ਸਨਮਾਨਤ ਕੀਤਾ। 1992 ਵਿਚ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨੇ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਨਾਲ, 1993 ਵਿਚ ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ

(ਡੈਨਮਾਰਕ) ਨੇ ਬਾਬਾ ਬੁੱਲ੍ਹੇ ਸ਼ਾਹ ਪੁਰਸਕਾਰ ਨਾਲ ਤੇ 1994 ਵਿਚ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਅਮਰੀਕਾ) ਨੇ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਸਨਮਾਨਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 2000 ਵਿਚ ਪ੍ਰੋ. ਪੂਰਨ ਸਿੰਘ ਦਹਿਸਦੀ (ਮਿਲੇਨੀਅਮ) ਪੁਰਸਕਾਰ ਨਾਲ ਅਤੇ 2001 ਵਿਚ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਨਾਲ ਸਨਮਾਨਤ ਕੀਤਾ। ਜੂਨ, 2003 ਵਿਚ ਨਿਸਗਾ ਸਕੂਲ-ਜ਼ਿਲ੍ਹੇ ਦੇ ਸਕੂਲ ਬੋਰਡ ਨੇ ਅਤੇ ਜਨਵਰੀ, 2004 ਵਿਚ ਨਿਸਗਾ ਟੀਚਰਜ਼ ਯੂਨੀਅਨ ਨੇ ਉਸ ਦਾ ਵਿਸ਼ੇਸ਼ ਅਭਿਨੰਦਨ ਕੀਤਾ। 22 ਅਗਸਤ, 2004 ਨੂੰ ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੈਲੇਫੋਰਨੀਆਂ ਯੂ. ਐਸ. ਏ. ਨੇ ਤੇ 2005 ਵਿਚ ਇੰਡੋ ਕਨੇਡੀਅਨ ਕਲਚਰਲ ਐਸੋਸੀਏਸ਼ਨ (ਕੈਨੇਡਾ) ਨੇ ਰਵੀ ਨੂੰ ਸਮੁੱਚੀ ਸਾਹਿਤਿਕ ਦੇਣ ਲਈ ਸਨਮਾਨਿਆ।

22 ਜਨਵਰੀ, 2006 ਨੂੰ ਲਾਹੌਰ ਪਾਕਿਸਤਾਨ ਵਿਚ, ਰਵਿੰਦਰ ਰਵੀ ਨੂੰ "ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ" ਨੇ "ਜੀਵਨ-ਕਾਲ-ਪ੍ਰਾਪਤੀ-ਪੁਰਸਕਾਰ" ਨਾਲ, "ਵਰਲਡ ਇਨਸਟੀਚਿਊਟ ਆਫ਼ ਪੰਜਾਬੀ ਲਿਟਰੇਚਰ ਐਂਡ ਹੈਰੀਟੇਜ" ਨੇ "ਤਮਗ਼ਾ-ਏ-ਹੁਸਨ-ਏ-ਕਾਰਕਰਦਗੀ" ਨਾਲ, "ਐਸੋਸੀਏਸ਼ਨ ਆਫ਼ ਰਾਈਟਰਜ਼ ਐਂਡ ਆਰਟਿਸਟਸ" ਨੇ "ਗੋਲਡ ਮੈਡਲ" ਨਾਲ ਅਤੇ ਲਾਹੌਰ ਦੇ ਪੰਜਾਬੀ ਪੱਤਰਕਾਰਾਂ ਦੀ ਸੰਸਥਾ ਨੇ "ਸ਼ਾਲ" ਨਾਲ ਅਭਿਨੰਦਤ ਕੀਤਾ। ਇਸੇ ਸਾਲ ਭਾਰਤ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਤੇ ਪੰਜਾਬੀ ਲੇਖਕ ਸਭਾ, ਜਗਤਪੁਰ (ਰਜਿ:) ਨੇ ਵੀ ਉਸ ਦਾ ਉਚੇਚਾ ਸਨਮਾਨ ਕੀਤਾ। ਸਾਲ 2006 ਵਿਚ ਹੀ ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ (ਕੈਨੇਡਾ) ਨੇ ਆਪਣੇ ਸੌ ਸਾਲਾ ਯਾਦਗਾਰੀ ਦਿਵਸ ਦੇ ਸਮਾਗਮ ਸਮੇਂ ਰਵੀ ਨੂੰ ਉਸਦੀਆਂ ਸਮੁੱਚੀਆਂ ਸਾਹਿਤਿਕ ਪ੍ਰਾਪਤੀਆਂ ਲਈ "ਵਿਲੱਖਣ-ਪ੍ਰਾਪਤੀ-ਪੁਰਸਕਾਰ" ਨਾਲ ਸਨਮਾਨਤ ਕੀਤਾ। 2007 ਵਿਚ ਵੀ ਉਸਨੂੰ ਪੰਜਾਬੀ ਅਕਾਦਮੀ, ਲਿਸਟਰ (ਇੰਗਲੈਂਡ), ਸਿਪਸਾ ਤੇ ਅਦਾਰਾ ਵੀਯਨਜ਼ ਆਫ਼ ਪੰਜਾਬ ਟੀ.ਵੀ., ਟਰਾਂਟੋ, ਕੈਨੇਡਾ ਨੇ ਸਨਮਾਨਤ ਕੀਤਾ। 2008 ਵਿਚ ਕੈਨੇਡਾ ਦੇ 'ਪਰਵਾਸੀ ਮੀਡੀਆ ਗਰੁੱਪ' ਨੇ ਉਸ ਨੂੰ "ਸਰਬ-ਸ੍ਰੇਸ਼ਟ ਸਾਹਿਤਕਾਰ ਪੁਰਸਕਾਰ" ਭੇਟ ਕੀਤਾ।2011 ਵਿਚ ਜੇ ਪੰਜਾਬੀ ਨਾਟਕ ਅਕਾਦਮੀ (ਲੁਧਿਆਣਾ, ਭਾਰਤ) ਨੇ ਰਵਿੰਦਰ ਰਵੀ ਨੂੰ "ਨਾਟ ਸ਼੍ਰੋਮਣੀ" ਪੁਰਸਕਾਰ ਨਾਲ ਸਨਮਾਨਣ ਦੀ ਘੋਸ਼ਨਾ ਕੀਤੀ ਤਾਂ "ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ (UBC)", ਵੈਨਕੂਵਰ, ਕੈਨੇਡਾ ਅਤੇ "ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਸਰੀ, ਕੈਨੇਡਾ" ਨੇ ਉਸ ਨੂੰ "ਜੀਵਨ-ਕਾਲ ਪ੍ਰਾਪਤੀ" ਪੁਰਸਕਾਰਾਂ ਨਾਲ ਸਨਮਾਨਿਆ। ਸਾਲ 2012 ਵਿਚ "ਅਰਪਨ ਲਿਖਾਰੀ ਸਭਾ", ਕੈਲਗਰੀ (ਅਲਬਰਟਾ, ਕੈਨੇਡਾ) ਨੇ ਰਵੀ ਨੂੰ "ਇਕਬਾਲ ਅਰਪਨ ਯਾਦਗਾਰੀ ਜੀਵਨ-ਕਾਲ ਪ੍ਰਾਪਤੀ ਪੁਰਸਕਾਰ" ਨਾਲ

ਅਭਿਨੰਦਤ ਕੀਤਾ। 2013 ਵਿਚ "ਪੰਜਾਬੀ ਆਰਸੀ ਰਾਈਟਰਜ਼ ਕਲੱਬ (ਕੈਨੇਡਾ)" ਨੇ ਉਸ ਨੂੰ 'ਜੀਵਨ-ਕਾਲ ਪ੍ਰਾਪਤੀ ਪੁਰਸਕਾਰ' ਦਿੱਤਾ।

ਉਹ ਇਆਪਾ ਦਾ ਮੋਢੀ ਪ੍ਰਧਾਨ ਤੇ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦਾ ਸੰਚਾਲਕ ਹੈ। ਰਵਿੰਦਰ ਰਵੀ ਪਾਕਿਸਤਾਨ ਤੋਂ ਬਾਹਰ ਵੱਸਦਾ ਪਹਿਲਾ ਗ਼ੈਰ-ਪਾਕਿਤਸਾਨੀ ਲੇਖਕ ਹੈਜਿਸਦੀਆਂ ਪੁਸਤਕਾਂ ਕਾਇਦੇ ਆਜ਼ਮ ਯੂਨੀਵਰਸਿਟੀ, ਇਸਲਾਮਾਬਾਦ ਵਿਚ ਐਮ. ਏ. (ਪੰਜਾਬੀ) ਦੇ ਕੋਰਸ ਵਿਚ ਲੱਗੀਆਂ ਰਹੀਆਂ ਹਨ। ਪਾਕਿਸਤਾਨ ਵਿਚ ਉਸ ਦੇ ਕਾਵਿ-ਨਾਟਕਾਂ ਉੱਤੇ ਪੀ.ਐੱਚ.ਡੀ. ਪੱਧਰ ਦਾ ਖੋਜ-ਕਾਰਜ ਵੀ ਹੋ ਚੁੱਕਾ ਹੈ। ਪੰਜਾਬੀ ਡਰਾਮੇ ਉੱਤੇ ਆਪਣਾ ਇਹ ਖੋਜ-ਕਾਰਜ, ਡਾ. ਨਿਗਹਤ ਖ਼ੁਰਸ਼ੀਦ ਨਾਰੂ ਨੇ, 2009 ਵਿਚ, ਪੰਜਾਬ ਯੂਨੀਵਰਸਿਟੀ, ਲਾਹੌਰ, ਨੂੰ ਪ੍ਰਸਤੁਤ ਕੀਤਾ।

ਡਾ. ਰਵਿੰਦਰ ਕੌਰ ਬੇਦੀ ਨੇ "ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ-ਵਿਗਿਆਨਕ ਅਧਿਐਨ", ਵਿਸ਼ੇ ਉੱਤੇ, ਆਪਣਾ ਖੋਜ-ਕਾਰਜ, 2008 ਵਿਚ, ਦਿੱਲੀ ਯੂਨੀਵਰਸਿਟੀ (ਭਾਰਤ) ਨੂੰ ਪ੍ਰਸਤੁਤ ਕਰਕੇ, ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ, ਜੋ ਪੁਸਤਕ ਰੂਪ ਵਿਚ 2014 ਵਿਚ ਛਪੀ। ਡਾ. ਕਿਰਨਦੀਪ ਕੌਰ

ਨੇ "ਰਵਿੰਦਰ ਰਵੀ ਦਾ ਰਚਨਾ-ਸੰਸਾਰ : ਸੰਵੇਦਨਾ ਤੇ ਸੁਹਜ-ਸੰਸਾਰ", ਵਿਸ਼ੇ ਉੱਤੇ ਆਪਣਾ ਖੋਜ-ਕਾਰਜ, 2013 ਵਿਚ ਸੰਪੂਰਨ ਕਰਕੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ, ਭਾਰਤ ਤੋਂ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਸ ਦਾ ਇਹ ਖੋਜ-ਕਾਰਜ ਪੁਸਤਕ-ਰੂਪ ਵਿਚ ਵੀ ਛਪ ਚੁੱਕਾ ਹੈ।

ਪੰਜਾਬੀ ਕਾਵਿ-ਨਾਟਕ ਦੇ ਖੇਤਰ ਵਿਚ ਰਵਿੰਦਰ ਰਵੀ ਨੇ ਇਕ ਨਵਾਂ ਤੇ ਵਿਲੱਖਣ ਇਤਿਹਾਸ ਸਿਰਜਿਆ ਹੈ। ਉਸ ਨੇ ਹੁਣ ਤਕ, 16 ਕਾਵਿ-ਨਾਟਕ ਲਿਖੇ ਹਨ ਅਤੇ 16 ਦੇ 16 ਹੀ 1976 ਤੋਂ 2018 ਤਕ ਦੇ 42 ਸਾਲਾਂ ਵਿਚ ਭਾਰਤ ਦੇ ਨਾਮਵਰ ਰੰਗਕਰਮੀਆਂ ਵੱਲੋਂ ਖੇਡੇ ਜਾ ਚੁੱਕੇ ਹਨ।

2015 ਵਿਚ CIPSA (Canadian International Punjabi Sahit Academy - Brampton, ONT, Canada) ਨੇ ਰਵਿੰਦਰ ਰਵੀ ਨੂੰ "ਬਲਵੰਤ ਗਾਰਗੀ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ਼ ਡਿਸਟਿੰਕਸ਼ਨ" ਨਾਲ ਸਨਮਾਨਤ ਕੀਤਾ। ਇਹ ਪੁਰਸਕਾਰ ਉਸ ਨੂੰ ਕਾਵਿ-ਨਾਟਕ ਅਤੇ ਥੀਏਟਰ ਦੇ ਖੇਤਰ ਵਿਚ ਪਾਏ ਇਤਿਹਾਸਕ ਯੋਗਦਾਨ ਲਈ ਦਿੱਤਾ ਗਿਆ।

ooo

# ਸੁਕਰਾਤ ਦਾ ਗੀਤ : ਆਰੰਭਕ ਸ਼ਬਦ

ਰਵਿੰਦਰ ਰਵੀ



ਯੂਨਾਨੀ ਫ਼ਿਲਾਸਫਰ ਸੁਕਰਾਤ

## "ਸੁਕਰਾਤ ਦਾ ਗੀਤ" : ਆਰੰਭਕ ਸ਼ਬਦ



"ਸੁਕਰਾਤ ਦਾ ਗੀਤ", 2022 ਵਿੱਚ ਛਪਿਆ, ਮੇਰਾ 26ਵਾਂ ਕਾਵਿ-ਸੰਗ੍ਰਹਿ ਹੈ। ਲਿਖਣਾ ਮੈਂ 1955 ਵਿੱਚ ਸ਼ੁਰੂ ਕੀਤਾ ਸੀ ਪਰ ਮੇਰੀ ਪਹਿਲੀ ਕਾਵਿ-ਪੁਸਤਕ : "ਦਿਲ ਦਰਿਆ ਸਮੁੰਦਰੋਂ ਡੂੰਘੇ", 1961 ਵਿੱਚ ਛਪੀ ਸੀ। ਇਸ ਤਰ੍ਹਾਂ 67 ਸਾਲਾਂ ਦੇ ਲਿਖਣ ਤੇ 61 ਸਾਲ ਦੇ ਪੁਸਤਕ ਰੂਪ ਵਿੱਚ ਛਪਣ ਦੇ ਸਫ਼ਰ ਦੇ ਪ੍ਰਸੰਗ ਵਿੱਚ, ਅੱਜ ਫੇਰ ਮੈਂ ਆਪਣੇ ਪਾਠਕਾਂ ਦੇ ਸਨਮੁਖ ਹਾਂ।

ਇਹ ਸਫ਼ਰ ਮੈਂ ਭਾਰਤ ਤੋਂ ਸ਼ੁਰੂ ਕੀਤਾ ਸੀ ਤੇ ਫੇਰ ਮੈਂ ਜਨਵਰੀ, 1967 ਵਿੱਚ, ਭਾਰਤ ਛੱਡਕੇ, ਸਮੁੰਦਰੀ ਜਹਾਜ਼ ਦੇ ਸਫ਼ਰ ਦੁਆਰਾ, 2 ਫਰਵਰੀ, 1967 ਨੂੰ ਮੁੰਬਾਸਾ, ਕੀਨੀਆਂ ਦੇ ਘਾਟ 'ਤੇ ਜਾ ਲੱਗਾ ਸਾਂ। ਭਾਰਤ ਵਾਂਗ ਏਥੇ ਵੀ ਅਕਤੂਬਰ 30, 1974 ਤਕ ਅਧਿਆਪਨ ਕਰਦਾ ਰਿਹਾ। ਇਸ ਦੌਰਾਨ ਮੈਨੂੰ ਅਫਰੀਕਾ ਤੇ ਮੱਧ-ਪੂਰਬ ਦੇ ਹੋਰ ਦੇਸ਼ਾਂ ਤੋਂ ਬਿਨਾ ਇੰਗਲੈਂਡ, ਯੂਰਪ, ਸਕੈਂਡੇਨੇਵੀਆ ਤੇ ਅਮਰੀਕਾ ਦੀ ਸੈਰ ਕਰਨ ਦਾ ਮੌਕਾ ਵੀ ਮਿਲਿਆ। ਮੇਰੇ ਅਨੁਭਵ-ਜਗਤ ਵਿੱਚ ਵਿਸ਼ਾਲਤਾ ਆਈ, ਜਿਸ ਦੇ ਪੈਰ-ਚਿੰਨ੍ਹ ਮੇਰੀਆਂ ਇਸ ਸਮੇਂ ਦੌਰਾਨ ਲਿਖੀਆਂ ਰਚਨਾਵਾਂ 'ਚੋਂ ਢੂੰਡੇ ਜਾ ਸਕਦੇ ਹਨ।

ਅਕਤੂਬਰ 30, 1974 ਨੂੰ ਕੀਨੀਆਂ ਨੂੰ ਸਦਾ ਲਈ ਅਲਵਿਦਾ ਆਖਕੇ, ਮੈਂ ਇਕ ਵਾਰੀ ਫਿਰ ਯੂਰਪ, ਸਵੀਡਨ, ਆਇਰਲੈਂਡ ਤੇ ਸਕਾਟਲੈਂਡ ਆਦਿ ਵਿੱਚ ਘੁੰਮਦਾ ਘੁਮਾਉਂਦਾ, 14 ਦਸੰਬਰ, 1974 ਨੂੰ ਕੈਨੇਡਾ ਵਿੱਚ, ਵੈਨਕੂਵਰ ਦੇ ਹਵਾਈ ਅੱਡੇ ਉੱਤੇ ਉੱਤਰਿਆ ਤੇ ਬਾਕੀ ਜ਼ਿੰਦਗੀ ਲਈ, ਏਥੋਂ ਦਾ ਹੋ ਕੇ ਰਹਿ ਗਿਆ। ਏਥੇ ਵੀ ਮੈਂ ਕੀਨੀਆਂ ਵਾਂਗ ਹੀ, ਹਾਇਰ ਸੈਕੰਡਰੀ ਸਕੂਲ ਵਿੱਚ, ਅੰਗਰੇਜ਼ੀ ਭਾਸ਼ਾ ਤੇ ਸਾਹਿਤ ਦੇ ਅਧਿਆਪਨ ਦੇ ਨਾਲ-ਨਾਲ, ਖੋਜ-ਵਿੱਦਿਆ, ਸਾਹਿਤ ਰਚਨਾ ਅਤੇ ਪੱਤਰਕਾਰੀ ਦਾ ਅਧਿਆਪਨ ਵੀ ਕਰਨ ਲੱਗ ਪਿਆ। ਮੇਰੇ ਸ਼ੌਂਕ, ਸਾਹਿਤ ਨਾਲ ਜੁੜਿਆ, ਇਹ ਇਕ ਦਿਲਚਸਪ ਕਿੱਤਾ ਸੀ। ਕਿੱਤੇ ਵਿੱਚ ਸ਼ੌਂਕ ਤੇ ਸ਼ੌਂਕ ਵਿੱਚ ਕਿੱਤਾ। 30 ਜੂਨ, 2003 ਨੂੰ ਰਿਟਾਇਰ ਹੋ ਕੇ ਮੈਂ ਕੁਲਵਕਤੀ ਲੇਖਕ ਬਣ ਗਿਆ। ਇਹ ਪੁਸਤਕ ਇਸੇ ਕਾਲ ਦੀ ਰਚਨਾ ਹੈ।

ਇਸ ਪੁਸਤਕ ਦਾ ਨਾਮਕਰਨ ਕਰਨ ਵਾਲੀ ਕਵਿਤਾ : "ਸੁਕਰਾਤ ਦਾ ਗੀਤ" ਜਦੋਂ ਮੈਂ ਫੇਸਬੁੱਕ ਉੱਤੇ ਪੋਸਟ ਕੀਤੀ, ਤਾਂ ਬੜੀਆਂ ਦਿਲਚਸਪ ਟਿਪਣੀਆਂ ਦੇ ਸਨਮੁਖ ਹੋਇਆ। ਇਨ੍ਹਾਂ ਵਿੱਚੋਂ, 22 ਅਗਸਤ, 2021 ਨੂੰ ਪੋਸਟ ਹੋਈਆਂ, ਹੇਠ ਲਿਖੀਆਂ 2 ਟਿਪਣੀਆਂ ਦਾ ਹਵਾਲਾ ਦੇਣਾ, ਏਥੇ ਉਚਿਤ ਹੋਵੇਗਾ:

1. "ਇਸ ਨਜ਼ਮ ਵਿੱਚ ਦਵੰਦ ਉੱਭਰਦਾ ਹੈ, ਸਰੋਦ ਵੀ। "ਨੀ" ਕਹਿ ਕੇ ਸੰਬੋਧਿਤ ਕੀਤਾ ਗਿਆ ਕਾਵਿ-ਪਾਤਰ ਨਜ਼ਮ ਦੇ ਬਿੰਬਾਂ ਨੂੰ ਕਈ ਅਰਥ ਦਿਸ਼ਾਵਾਂ ਦੇ ਸਕਦਾ ਹੈ। "ਨੀ" ਸੰਬੋਧਨ ਮਹਿਬੂਬਾ, ਪਤਨੀ, ਜ਼ਿੰਦਗੀ, ਫਿਲਾਸਫੀ, ਕੁਝ ਵੀ ਹੋ ਸਕਦਾ ਹੈ। ਵਧੀਆ ਨਜ਼ਮ।"

   **ਜਸਪਾਲ ਘਈ (ਨਾਮਵਰ ਕਵੀ ਤੇ ਅਨੁਵਾਦਕ)**

2. Unsolved is the riddle of life. Man is groping in the dark. The Secret of life is still undisclosed.'' (Prem Sahil is a renowned poet, critic and artist)

ਮੇਰਾ ਇਹ ਮੱਤ ਰਿਹਾ ਹੈ ਕਿ ਆਧੁਨਿਕ/ਉੱਤਰ-ਆਧੁਨਿਕ ਬੌਧਕ ਕਵਿਤਾ ਦੇ ਇਕ ਤੋਂ ਵਧੀਕ ਅਰਥ-ਨਿਰਣੇ (interpretations) ਪ੍ਰਸਤੁਤ ਕੀਤੇ ਜਾ ਸਕਦੇ ਹਨ। ਵੇਖਣ ਵਾਲੇ ਦੀ ਨਜ਼ਰ ਉੱਤੇ ਨਿਰਭਰ ਹੈ ਕਿ ਉਸਨੇ ਕੀ ਵੇਖਿਆ, ਜਾ ਸਮਝਿਆ ਹੈ। ਕੀ ਉਸ ਦੀ ਨਜ਼ਰ ਕੇਵਲ ਪਰਤੱਖ ਤਕ ਸੀਮਤ ਰਹੀ ਹੈ ਜਾਂ ਉਸਨੇ ਪਰਤੱਖ ਤੋਂ ਅਗਾਂਹ ਵੀ ਝਾਤੀ ਮਾਰਨ ਦਾ ਹੌਸਲਾ ਕੀਤਾ ਹੈ। ਜਿੰਨੀ ਦੂੰਘੀ ਚੁੱਭੀ, ਉਂਨੀ ਡੂੰਘੀ ਪ੍ਰਾਪਤੀ।

ਏਥੇ ਇਸ ਪ੍ਰਗੀਤਕ ਕਵਿਤਾ ਦੀਆਂ ਹੇਠ ਲਿਖੀਆਂ ਤੁਕਾਂ ਦਾ ਹਵਾਲਾ ਦੇਣਾ ਪ੍ਰਕਰਣ ਤੋਂ ਬਾਹਰੀ ਗੱਲ ਨਹੀਂ ਹੋਵੇਗਾ :

ਅਜੇ ਸਫ਼ਰ ਨਾ ਮੁੱਕਾ,
ਪੈਂਡਾ 'ਲੁਕ-ਲੱਭ' ਖੇਡੇ...
ਸਾਡੀ ਚੱਕਰਾਂ 'ਚ
ਰਾਤ ਪ੍ਰਭਾਤ ਨੀ!

ਤੇਰੇ ਉੱਤਰਾਂ 'ਚੋਂ,
ਜੰਮਦੇ ਸਵਾਲ ਹੀ ਰਹੇ!
ਵਿਸ਼ ਪੀਂਦਾ ਰਿਹਾ,
ਸਦਾ ਸੁਕਰਾਤ ਨੀ!

ਸਵਾਲ ਕਦੋਂ ਖ਼ਤਮ ਹੋਣਗੇ? ਹੋਣਗੇ ਵੀ ਕਿ ਨਹੀਂ? ਇਹ ਵੀ ਇਕ ਸਵਾਲ ਹੈ। ਸੰਤੋਸ਼ ਦੀ ਗੱਲ ਇਹ ਹੈ ਕਿ ਇਨ੍ਹਾਂ ਸਵਾਲਾਂ ਨੇ ਹੀ ਜ਼ਿੰਦਗੀ ਨੂੰ ਅੱਗੇ ਤੋਂ

ਅਗੇਰੇ, ਨਿਰੰਤਰ ਵਿਕਾਸ-ਮਾਰਗ ਉੱਤੇ ਤੋਰੀ ਰੱਖਿਆ ਹੈ। 26 ਕਾਵਿ-ਸੰਗ੍ਰਹਿ ਪ੍ਰਕਾਸ਼ਤ ਕਰਨ ਤੋਂ ਬਾਅਦ ਵੀ ਤਲਾਸ਼ ਅਜੇ ਜਾਰੀ ਹੈ।

ਇਸ ਲੰਮੇਂ ਸਮੇਂ ਦੌਰਾਨ, ਵੇਖਦਿਆਂ-ਵੇਖਦਿਆਂ, ਪੰਜਾਬੀ ਕਵੀਆਂ ਦੀਆਂ 5-6 ਪੀੜ੍ਹੀਆਂ ਬੀਤ ਚੁੱਕੀਆਂ ਹਨ। ਸਵਾਲ ਆਪਣੀ ਨਿਰੰਤਰਤਾ ਵਿੱਚ ਅਜੇ ਵੀ ਉਸੇ ਤਰ੍ਹਾਂ ਕਾਇਮ ਹਨ।

"ਸੁਕਾਰਤ ਦਾ ਗੀਤ" ਵਿੱਚ ਸਮਕਾਲ ਦੇ ਤਤਕਾਲੀ ਵਤੀਰਿਆਂ ਬਾਰੇ ਵੀ ਕੁਝ ਕਵਿਤਾਵਾਂ ਹਨ। ਅਫ਼ਗਾਨਿਸਤਾਨ ਵਿੱਚ ਰਾਜ-ਪਲਟਾ, ਭਾਰਤੀ ਕਿਸਾਨ ਅੰਦੋਲਨ ਅਤੇ ਕੋਰੋਨਾ-ਕਾਲ ਦੇ ਗੰਭੀਰ ਮਸਲੇ ਵੀ ਮੇਰੀਆਂ ਕਵਿਤਾਵਾਂ ਦਾ ਵਿਸ਼ਾ ਬਣੇ ਹਨ। ਇਸੇ ਤਰ੍ਹਾਂ ਪੱਛਮੀ ਜੀਵਨ ਵਿੱਚ, ਇਸਤਰੀ ਮਰਦ ਸੰਬੰਧਾਂ ਵਿੱਚ ਪਰਚੱਲਤ ਹੋ ਰਹੀਆਂ ਉਲਾਰ ਕਾਮ ਰੁਚੀਆਂ ਬਾਰੇ ਮੇਰੀਆਂ ਕਵਿਤਾਵਾਂ : "ਕਿੱਸਾ ਮਸ਼ੀਨੀ ਯੁੱਗ ਦੇ ਰਾਂਝੇ ਤੇ ਹੀਰ ਦਾ" ਅਤੇ "ਚਾਬੀਆਂ ਵਾਲੀ ਪਤਨੀ: ਇਕ ਕਾਵਿ-ਕਥਾ", ਇਸ ਪ੍ਰਸੰਗ ਵਿੱਚ, ਵਾਚੀਆਂ ਜਾ ਸਕਦੀਆਂ ਹਨ। ਇਹ ਰੁਚੀਆਂ, ਹੌਲੀ-ਹੌਲੀ, ਭਾਰਤ ਤੇ ਸਮੁੱਚੇ ਵਿਸ਼ਵ ਦੇ ਹੋਰ ਦੇਸ਼ਾਂ ਵਿੱਚ ਵੀ ਪਰਚੱਲਤ ਹੋ ਰਹੀਆਂ ਹਨ।

ਸ਼ਾਹਿਤ, ਫਲਸਫਾ, ਮਨੋਵਿਗਿਆਨ ਤੇ ਇਤਿਹਾਸ ਵਿੱਚ ਮੈਨੂੰ ਮੁੱਢ ਤੋਂ ਦਿਲਚਸਪੀ ਰਹੀ ਹੈ। ਇਹ ਪੁਸਤਕ ਪੱਛਮੀ ਜਗਤ ਦੇ ਮੋਢੀ ਫਿਲਾਸਫਰ ਸੁਕਰਾਤ ਨੂੰ ਸਮਰਪਿਤ ਕਰਦਿਆਂ, ਮੈਨੂੰ ਉਚੇਚੀ ਖ਼ੁਸ਼ੀ ਹੋ ਰਹੀ ਹੈ।

**ਰਵਿੰਦਰ ਰਵੀ**

ooo

## ਚਿੱਟੀ ਦਾਹੜੀ ਵਾਲਾ ਮਾਹੀਗੀਰ :
## ਰਵਿੰਦਰ ਰਵੀ ਦਾ ਕਾਵਿ-ਚਿੱਤਰ

ਉਸ ਅੰਦਰ
ਪਹਾੜ ਗੁੰਮ ਗਿਆ ਹੈ ਜਾਂ ਸਮੁੰਦਰ
ਉਸਦੇ ਰੁੱਖ ਦੀਆਂ ਜੜ੍ਹਾਂ
ਅਕਾਸ਼ ਵਲ ਹਨ

ਉਸ ਅਘਰਵਾਸੀ ਨੂੰ
ਵਣ ਵਿੱਚ ਰੁਮਕਦੀ ਪੌਣ
ਪਰਬਤਾਂ ਤੋਂ ਡਿੱਗਦੀ ਆਬਸ਼ਾਰ
ਸਾਫ਼ ਸੁਣਾਈ ਦਿੰਦੀ ਹੈ

ਦਿਲ 'ਚ ਮੱਚਦੇ ਭਾਂਬੜ
ਤੇ ਸੜਕਾਂ 'ਤੇ ਹੁੰਦੀ ਅੱਗ-ਬਰਖਾ ਵੇਖ
ਉਹ ਮਿਲਕ-ਸ਼ੇਕ ਪੀਂਦਾ
ਹੋਂਦਵਾਦ, ਪੜਯਥਾਰਥਵਾਦ
ਅਤੇ ਹੁਣਵਾਦ ਦੇ ਦਰਸ਼ਨ ਨੂੰ
ਕਵਿਤਾ, ਕਾਵਿ-ਨਾਟਕ
ਅਤੇ ਕਹਾਣੀਆਂ ਰਾਹੀਂ ਸਮਝਾਉਂਦਾ
ਬੱਦਲ ਦੇ ਵਿੱਚ ਸਾਗਰ ਟੰਗ ਦਿੰਦਾ ਹੈ

ਕੰਪਿਊਟਰ ਨੇ ਉਸਦੀ
ਕਲਮ, ਦਵਾਤ, ਚਿੱਠੀ, ਡਾਕੀਆ
ਅਤੇ ਉਡੀਕ ਖੋਹ ਲਈ ਹੈ

ਜਦੋਂ ਉਸਨੂੰ
ਅਸਮਾਨ ਨਜ਼ਰ ਨਹੀਂ ਆਉਂਦਾ
ਤਾਂ ਇੱਛਾ ਬੇ-ਵਜੂਦ
ਸੁਫ਼ਨੇ ਸ਼ੂਨਯ
ਤੇ ਫੈਂਟਸੀ ਸਿਫ਼ਰ ਹੋ ਗਈ ਜਾਪਦੀ ਹੈ

ਉਸਦੇ ਵੱਖ-ਵੱਖ ਚਿਹਰੇ, ਮਖੌਟੇ
ਇਕ-ਦੂਜੇ ਵੱਲ ਘਾਤ ਲਾਈ ਬੈਠੇ ਹਨ
ਤੇ ਸੋਚਾਂ ਦੇ ਇਸ ਪਾਗਲਖਾਨੇ ਵਿੱਚ
ਉਸਨੂੰ ਕਈ ਸੁਕਰਾਤ
ਵਿਸ਼ ਪੀ ਰਹੇ ਦਿੱਖਦੇ ਹਨ

ਉਸਨੂੰ ਇਲਮ ਹੈ ਕਿ
ਅਸਮਾਨ ਸੁਕੜ ਰਿਹਾ ਹੈ
ਨਜ਼ਰ ਦਾ ਘੇਰਾ
ਪੈਰਾਂ ਤੱਕ ਸੀਮਿਤ ਹੋ ਗਿਆ ਹੈ
ਆਦਿ, ਮੱਧ ਤੇ ਅੰਤ
ਇਕ ਦਾਇਰੇ ਵਿੱਚ ਘੁੰਮ ਰਹੇ ਹਨ
'ਦਿਲ ਦਰਿਆ ਸਮੁੰਦਰੋਂ ਡੂੰਘੇ'
ਤੇ ਸ਼ਬਦਾਂ ਦੇ ਅਰਥ
ਗੁਆਚ ਗਏ ਹਨ

ਉਹ ਜਾਣਦਾ ਹੈ ਕਿ
ਜ਼ਿੰਦਗੀ ਦੀਆਂ
ਬਿਖਮ ਤੇ ਅਸਹਿ ਜਟਿਲਤਾਵਾਂ ਵਿੱਚ
ਘਿਰਿਆ ਇਨਸਾਨ
ਇਕ ਊਲ-ਜਲੂਲ ਪੇਂਟਿੰਗ
ਬਣ ਕੇ ਰਹਿ ਜਾਂਦਾ ਹੈ
ਤੇ ਉਸਦਾ ਮਨ
ਪਲ-ਪਲ ਜਿਉਂਦਾ ਕਬਾੜਖਾਨਾ

ਇਸੇ ਲਈ
ਇਕ ਬੁੱਢੇ ਮਾਹੀਗੀਰ ਵਾਂਗ
ਆਪਣੀ ਬੁੱਕਲ ਮਾਰ ਕੇ
ਮਨ ਦੇ ਵਰਕੇ ਫਰੋਲਦਾ
ਆਪੇ ਹੀ
ਆਪਣਾ ਦੀਵਾ ਬਾਲਦਾ ਹੈ

ਅੱਖਾਂ ਵਿੱਚ
ਸੱਤਰੰਗੀ ਸਾਂਭੀ
ਹੁਣ ਵਿੱਚ ਜਿਉਂਦਾ
ਜਵਾਨੀਆਂ ਨੂੰ
ਜ਼ਿੰਦਗੀ ਦੀ ਜਾਗ ਲਾਉਂਦਾ
ਉਹ ਹਰ ਯੁੱਗ ਦੇ ਮੇਚ ਦਾ ਹੈ

ਉਸਦੇ ਚਿੱਟੀ ਦਾਹੜੀ ਵਾਲੇ
ਚਿਹਰੇ ਉੱਤੇ
ਅਨੁਭਵ ਭੱਖਦਾ ਹੈ
ਉਸ ਲਈ
ਖੜੋਤ ਤੋਂ ਚੰਗਾ ਹੈ ਸੁਫ਼ਨਾ
ਜੋ ਖੋਜ ਨੂੰ ਪੰਖ ਲਾਉਂਦਾ
ਤੇ ਆਪੋਂ ਪਰੇ ਆਪ ਤੱਕ
ਸਫ਼ਰਾਂ ਦੇ ਰਾਹ ਪਾਉਂਦਾ ਹੈ।
– ਗਗਨ ਮੀਤ –

(ਇਹ ਕਵਿਤਾ, 17 ਨਵੰਬਰ, 2021 ਨੂੰ ਫੇਸਬੁੱਕ ਉੱਤੇ ਪ੍ਰਾਪਤ ਹੋਇਆ, ਗਗਨ ਮੀਤ ਦੁਅਰਾ ਲਿਖਿਆ, ਮੇਰਾ ਕਾਵਿ–ਚਿੱਤਰ ਹੈ। ਗਗਨ ਮੀਤ, ਫੇਸਬੁੱਕ ਮਿੱਤਰ ਅਤੇ ਇਕ ਪ੍ਰਤਿਭਾਵਾਨ ਕਵਿੱਤਰੀ ਹੈ, ਜੁ ਫੇਸਬੁੱਕ ਉੱਤੇ ਬਹੁਤ ਮਕਬੂਲ ਹੈ। ਉਸਦਾ ਇਕ ਕਾਵਿ–ਸੰਗ੍ਰਹਿ "ਇਕ ਚੂੰਢੀ ਅਸਮਾਨ" ਛਪ ਚੁੱਕਾ ਹੈ। ਰਵਿੰਦਰ ਰਵੀ)

ooo

# ਕਵਿਤਾਵਾਂ



## ਸੁਕਰਾਤ ਦਾ ਗੀਤ

ਤਾਰੇ ਗਿਣ ਗਿਣ,
ਬੀਤੀ ਸਾਰੀ ਰਾਤ ਨੀ!
ਸਾਡੀ ਅਜੇ ਵੀ ਨਾ ਮੁੱਕੀ,
ਸਾਰੀ ਬਾਤ ਨੀ!!!

ਅਸੀਂ ਬਿੰਦੂਆਂ ਤੋਂ ਦਾਇਰੇ ਹੀ,
ਬਣਾਉਂਦੇ ਰਹੇ
ਤੇ ਸਮਾਨੰਤਰ ਲੀਕਾਂ ਹੀ,
ਵਾਹੁੰਦੇ ਰਹੇ!

ਸਾਡੇ ਦੋਂਹਾਂ ਵਿਚਕਾਰ,
ਸਦਾ ਨਦੀ ਵੱਗਦੀ
ਦੋ ਕੰਢਿਆਂ ਦੇ ਵਿੱਚ,
ਸਾਡੀ ਜ਼ਾਤ ਨੀ!

ਤੈਨੂੰ ਜ਼ਿੰਦਗੀ ਬਣਾ ਕੇ,
ਅਸੀਂ ਨਾਲ ਤੋਰਿਆ!
ਤੂੰ ਖੁਦ ਤੋਂ ਤੇ ਸਾਡੇ ਕੋਲੋਂ,
ਮੁੱਖ ਮੋੜਿਆ!

ਤੈਨੂੰ ਅੰਦਰੋਂ ਤੇ ਬਾਹਰੋਂ,
ਅਸੀਂ ਬਹੁਤ ਫੋਲਿਆ!
ਤੂੰ ਸਦਾ ਹੀ ਰਹੀ,
ਅਗਿਆਤ ਨੀ!

ਅਜੇ ਸਫਰ ਨਾ ਮੁੱਕਾ,
ਪੈਂਡਾ 'ਲੁੱਕ-ਲੱਭ' ਖੇਡੇ ..
ਸਾਡੀ ਚੱਕਰਾਂ 'ਚ
ਰਾਤ ਪ੍ਰਭਾਤ ਨੀ!

ਤੇਰੇ ਉੱਤਰਾਂ 'ਚੋਂ,
ਜੰਮਦੇ ਸਵਾਲ ਹੀ ਰਹੇ !
ਵਿਸ ਪੀਂਦਾ ਰਿਹਾ,
ਸਦਾ ਸੁਕਰਾਤ ਨੀ !

***ਸ਼ਬਦ ਸੰਕੇਤ***

**ਸਮਾਨੰਤਰ ਲੀਕਾਂ**: ਸਮਾਨ-ਅੰਤਰ ਲੀਕਾਂ, Parallel Lines
**'ਲੁੱਕ-ਲੱਭ'**: ਲੁਕਣ-ਮੀਟੀ, Hide and Seek

## ਆਪੋ ਆਪਣਾ ਸੁਕਰਾਤ

ਜਦੋਂ ਵੀ ਕੋਈ ਮਾਂ,
ਜ਼ਿੰਦਗੀ ਦੀਆਂ ਬਿਖਮ ਤੇ
ਅਸਹਿ ਜੱਟਿਲਤਾਵਾਂ ਦੇ,
ਜਵਾਬ ਢੂੰਡਦੀ ਢੂੰਡਦੀ,
ਇਕ ਸਵਾਲ ਨੂੰ ਜਨਮ ਦਿੰਦੀ ਹੈ,
ਤਾਂ ਉਹ,
ਸੁਕਰਾਤ ਬਣ ਜਾਂਦਾ ਹੈ
ਸਵਾਲ ਦਰ ਸਵਾਲ,
ਪਰਤ ਦਰ ਪਰਤ,
ਵਿਅਕਤੀ, ਸਮਾਜ ਤੇ ਸੰਸਾਰ ਵਿੱਚ,
ਡੂੰਘੀਆਂ ਚੁੱਭੀਆਂ ਮਾਰਦਾ

ਜ਼ਹਿਰ ਦੇ ਪਿਆਲੇ ਤਕ
ਪਹੁੰਚ ਜਾਂਦਾ ਹੈ!!!

ਸੁਕਰਾਤ ਮਰਦਾ ਕਦੇ ਨਹੀਂ,
ਉਹ ਤਾਂ,
ਹਰ ਯੁੱਗ ਨੂੰ ਸਵਾਲ ਬਣਦਾ,
ਸਵਾਲਾਂ ਦਾ ਨਿਰੰਤਰ ਸਿਲਸਿਲਾ ਹੈ!!!

ਵੇਖਣ ਵਾਲੀ ਅੱਖ ਚਾਹੀਦੀ ਹੈ!

ਸੁਕਰਾਤ,
ਮੇਰੇ 'ਚੋਂ,

ਤੁਹਾਡੇ 'ਚੋਂ, ਸਭ 'ਚੋਂ,
ਮਿਲ ਜਾਏਗਾ!!!

ਸੁਕਰਾਤ ਕੇਵਲ ਜਿਸਮ ਨਹੀ,
ਇਕ ਸੋਚ ਹੈ,
ਜਿਸਨੂੰ,
ਹਰ ਜ਼ਿੰਦਗੀ ਨਾਲ ਮੋਹ,
ਹਰ ਯੁੱਗ ਦਾ ਫ਼ਿਕਰ ਹੈ!!!???

## ਸਹਿ-ਹੋਂਦ ਦਾ ਫ਼ਲਸਫ਼ਾ

ਬਰਫ, ਆਈਸ ਤੇ ਠੰਡ ਦੀ *ਇੰਤਿਹਾ

ਹੱਡ ਕੜਕਾਵੇ, ਜਿਸਮ,

*ਆਈਸੀ, ਬਰਫ਼ੀਲੀ ਹਵਾ

ਧੁੱਪ ਖਿੜੀ ਤੇ ਸੂਰਜ ਲਿਸ਼ਕਦਾ

ਦੋ ਵਿਰੋਧੀ ਅੱਤਾਂ ਵਿੱਚ

ਸਹਿ–ਹੋਂਦ ਦਾ ਫ਼ਲਸਫ਼ਾ

ਬਰਫ, ਆਈਸ, ਸੂਰਜ ਵਿਚਕਾਰ

ਮਾਨਵ ਸਹਿਜ ਵਿਚਰ ਰਿਹਾ!!!

### *ਸ਼ਬਦ ਸੰਕੇਤ*

**ਸਹਿ-ਹੋਂਦ ਦਾ ਫ਼ਲਸਫ਼ਾ**: Philosophy of Co-Existence
**ਇੰਤਿਹਾ**: ਸਿਖਰ, ਅੱਤ
**ਆਈਸੀ**: Icy

## ਯਾਦਾਂ: ਅਧੂਰੀਆਂ ਨਜਮਾਂ ਦਾ ਕਿੱਸਾ

ਜੁ ਕੁਝ ਇਨਸਾਨ ਜੀ ਨਹੀਂ ਪਾਉਂਦਾ,

ਉਹ ਯਤਨ .

ਉਹ ਸੁਫਨੇ ..,,,

ਯਾਦਾਂ 'ਚ ਸਿਮਟ ਜਾਂਦੇ ਹਨ ..

ਐਸੀਆਂ ਯਾਦਾਂ ਹੀ,
ਕਿਸੇ ਵਿਅਕਤੀ ਦਾ,
ਕਾਨਫੀਡੈਨਸ਼ਲ,
ਕੀਮਤੀ ਸ਼ਰਮਾਇਆ ਹੁੰਦੀਆਂ ਹਨ –

ਜੁ,
ਨਾ ਤਾਂ ਨਾਲ ਹੀ ਜਾਂਦੀਆਂ ਹਨ ..

ਤੇ ਨਾ ਹੀ ਪਿੱਛੇ ਰਹਿੰਦੀਆਂ ਹਨ

ਬੱਸ..

ਸਰੀਰ ਦੇ ਨਾਲ ਹੀ,
ਅੰਤਿਮ ਸਾਹ ਲੈਂਦੀਆਂ ਹਨ !!!

ਮੇਰੀਆਂ ਉਨ੍ਹਾਂ,
ਅਧੂਰੀਆਂ ਨਜ਼ਮਾਂ ਦਾ ਕੀ ਬਣੇਗਾ?

ਜਿਨ੍ਹਾਂ ਵਿੱਚ,

ਮੈਂ ਤੁਰਿਆ,

ਇਕ ਦੋ ਕਦਮ ਜੀਵਿਆ .

ਤੇ ਫਿਰ,

ਰੁਕ ਗਿਆ!!!

ਮੈਥੋਂ ਪਹਿਲਾਂ ਹੀ,

ਮੇਰਾ ਕਿੱਸਾ ਮੁੱਕ ਗਿਆ!!!

## ਹੁਣ ਦਾ ਦਰਸ਼ਨ

ਹੁਣ ਦੀ ਹੁਣ ਅਸੀਂ ਜੀਣਾ ਸਿੱਖਿਆ,
ਕੱਲ੍ਹ, ਭਲਕ ਦਾ ਨਹੀਂ ਜਮਾਨਾ!
ਦਹਿਸਤਗਰਦ, ਕੋਰੋਨਾ ਸਾਡਾ,
ਪਤਾ ਨਹੀਂ ਕਦ ਕਰਨ ਨਿਸਾਨਾ!

ਛਿਣ ਵਿੱਚ ਯੁੱਗ ਫੈਲਾ ਕੇ ਜੀਵੋ,
ਛਿਣ, ਛਿਣ ਯੁੱਗ ਬਣਾ ਕੇ ਜੀਵੋਂ,
ਭੂਤ, ਭਵਿੱਖ, ਅੱਜ ਇਕ ਫੈਂਟਸੀ,
ਹੁਣ ਦਾ ਸੁਫਨਾ ਹੁਣ 'ਚੋਂ ਪਾਣਾ!

ਦ੍ਰਿਸਟੀ ਵਿੱਚ ਦ੍ਰਿਸ਼, ਚਿੰਤਨ, ਦਰਸਨ,
ਮਿੱਥ, ਰਹੱਸ ਦਾ ਅਸਲਾ, ਉਹਲਾ –
ਆਦਿ ਵੀ 'ਨ੍ਹੇਰਾ, ਅੰਤ ਵੀ 'ਨ੍ਹੇਰਾ,
ਹੁਣ ਦਾ ਦਰਸ਼ਨ, ਹੁਣ 'ਚੋਂ ਪਾਣਾ!!!

ਲਿਖੀਏ ਸ਼ਬਦ ਤੇ ਬਣੀਏਂ ਅਰਥ,
ਕਲਪਨਾ ਵਿੱਚ ਨਸਲਾਂ ਦਾ ਗੇੜਾ –
ਫੈਲ ਗਏ ਅਸੀਂ ਕਾਲ-ਚੱਕਰ ਵਿੱਚ,
ਸਾਥੋਂ ਛੋਟਾ ਹਰ ਜ਼ਮਾਨਾ!!!

ਸੂਰਜ, ਪਾਣੀ, ਹਵਾ ਤੇ ਧਰਤੀ,
ਆਦਮ ਹੱਵਾ ਦੀ ਮਿੱਥ-ਕਥਾ ਵੀ,
ਪਿੰਡ, ਬ੍ਰਹਮੰਡ ਮੇਰੀ ਭਾਸਾ ਵਿੱਚ ਨੇ,
ਮੈਂ ਅਰਥਾਂ ਦਾ ਤਾਣਾ ਬਾਣਾ!!!

ਹੁਣ ਦੀ ਹੁਣ ਅਸੀਂ ਜੀਣਾ ਸਿੱਖਿਆ,
ਕੱਲ੍ਹ, ਭਲਕ ਦਾ ਨਹੀਂ ਜ਼ਮਾਨਾ!

***ਸ਼ਬਦ ਸੰਕੇਤ:***
**ਹੁਣ ਦਾ ਦਰਸਨ** : ਹੁਣਵਾਦ, ਹੁਣ ਦਾ ਫਲਸਫਾ, Now, Nowism

## ਆਂਡੇ ਦੀ ਉਡਾਣ

ਪੰਛੀ ਇਵੇਂ ਹੀ,
ਕਹਿੰਦੇ ਤੇ ਵਿੰਹਦੇ ਚਲੇ ਜਾ ਰਹੇ ਹਨ,
ਰੁੱਖ ਤੇ ਮਨੁੱਖ ਵੀ,
ਨਦੀਆਂ, ਝਰਨੇ, ਸਾਗਰ,
ਸੂਰਜ, ਚੰਦ, ਸਿਤਾਰੇ,
ਅੰਬਰ, ਪਰਬਤ ਤੇ ਪੁਲਾੜ...
ਸਭ...
ਆਰ ਤੇ ਪਾਰਃ

"ਆਦਿ ਦੀ ਉਡਾਣ ਨਹੀਂ ਮੁੱਕਣੀ,
ਨਾ ਹੀ ਅੰਤ ਦੀ ਮਾਰ...
ਤੇ
ਨਾ ਹੀ
ਅਨੰਤ ਦਾ ਵਿਹਾਰ!!!"

ਆਦਿ ਤੇ ਅੰਤ ਵਿਚਕਾਰ,
ਜ਼ਿੰਦਗੀ ਅਨੰਤ ਹੈ!!!

ਪੰਛੀ ਦੇ ਆਂਡੇ 'ਚੋਂ,
ਬੱਚੇ ਦੇ ਨਾਲ ਹੀ,
ਜੰਮ ਪੈਂਦੀ ਹੈ,
ਉਸਦੀ ਉਡਾਣ,
ਅੰਬਰ ਨੂੰ ਆਪਣੇ ਅਰਥ ਦੇਣ ਲਈ!!!

## ਆਦਿ ਦਾ ਅਨੰਤ ਇਤਿਹਾਸ

ਅਰਥ, ਬਿਨਾ,
ਅੱਖਰਾਂ, ਲਗਾਂ, ਮਾਤਰਾਂ ਦਾ ਜੋੜ,
ਸ਼ਬਦ ਨਹੀਂ ਬਣਦਾ!!!

ਮਾਨਵ,
ਸ਼ੋਰ ਤੇ ਚੁੱਪ ਵਿੱਚ,
ਟੁੱਟਦਾ ਰਿਹਾ...

ਉਸ ਦੇ ਕੁਝ ਚੰਗਿਆੜੇ:

ਸ਼ਬਦ
ਚਿੰਤਨ
ਫ਼ਲਸਫ਼ਾ
ਬਣਦੇ ਰਹੇ!!!

ਸ਼ਬਦ,
ਗਿਆਨ ਤੇ ਵਿਗਿਆਨ ਦੀ,
ਸੰਭਾਲ਼ ਹੈ!!!

ਸ਼ੀਸ਼ਾ,
ਨਾ ਬੁੱਤ ਹੈ, ਨਾ ਅਕਸ...
ਦ੍ਰਿਸ਼ਟੀ ਨੂੰ,
ਦਰਸ਼ਨ ਵਿਖਾਉਂਦਾ ਹੈ!!!

ਇਨਸਾਨ ਹੀ,
ਆਪਣੇ ਆਪ ਨੂੰ,
ਬਣਾਉਂਦਾ ਹੈ,
ਮਿਟਾਉਂਦਾ ਹੈ!!!

ਸ਼ੀਸ਼ਾ,
ਮਹਾਤਮਾਂ ਬੁੱਧ, ਹਿਟਲਰ,
ਸਭ ਨੂੰ ਵਿਖਾਉਂਦਾ ਹੈ!!!

ਇਤਿਹਾਸ,
ਲਗਾਤਾਰ ਚੱਲ ਰਹੇ ਆਦਿ ਦਾ,
*ਅਨੰਤ ਸਮਝਾਉਂਦਾ ਹੈ!!!

ਸ਼ਬਦ,
ਇਤਿਹਾਸ ਲਿਖਦਾ...

ਇਨਸਾਨ...
ਇਤਿਹਾਸ ਬਣਾਉਂਦਾ ਹੈ!!!

***ਸ਼ਬਦ ਸੰਕੇਤ***

**ਅਨੰਤ** : Endless, ਇਸ਼ਾਰਾ Endless Beginning ਵੱਲ ਹੈ।

## ਬੁੱਲ੍ਹਾ ਬਾਤ, ਬੁਝਾਰਤ ਬੁੱਲ੍ਹਾ

ਬੁੱਲ੍ਹਿਆ ਤੇਰੀਆਂ ਬਾਤਾਂ ਗੁੱਝੀਆਂ,
ਤੂੰ ਹੀ ਪਾਈਆਂ ਤੂੰ ਹੀ ਬੁੱਝੀਆਂ!
ਤੂੰ ਹੀ ਖੋਜੀ, ਮੁਰਸ਼ਦ ਤੂੰ ਹੀ,
ਸੋਚਾਂ ਤੇਰੀਆਂ ਤੈਨੂੰ ਸੁੱਝੀਆਂ!

ਤੂੰ ਹੀ ਅਲਫ਼ ਤੇ ਤੂੰ ਹੀ ਅੱਲਾ,
ਦਾਨਾ ਬੀਨਾਂ ਝੱਲ-ਵਲੱਲਾ!
ਇਹ ਦੁਨੀਆ ਹੈ ਮੇਲਾ, ਬੁੱਲ੍ਹਾ,
ਹਰ ਕੋਈ ਆਵੇ ਜਾਵੇ ਕੱਲਾ!

'ਹੁਣ' ਤਾਂ ਚਾਹੇ ਸੱਚ ਬੀਚਾਰ!
ਚਾਹੇ ਹਰ ਸੂ ਭਰਮ ਖਿਲਾਰ!
ਮਾਜ਼ੀ 'ਨ੍ਹੇਰ, ਮੁਸਤਕਬਿਲ ਧੁੰਦਲਾ,
'ਹੁਣ' ਦੇ ਛਿਣ ਹੀ ਚਿੰਤਨ ਉੱਜਲਾ!

ਸ਼ਬਦ ਵੀ ਤੂੰ ਤੇ ਅਰਥ ਵੀ ਤੂੰ ਹੀ,
ਬੋਲੇਂ ਤੂੰ, ਸੁਣੇ ਵੀ ਤੂੰ ਹੀ,
'ਹੁਣ' ਤੋਂ ਜਦ ਤੂੰ ਵਿਦਾ ਹੋ ਗਿਆ,
ਦੀਨ ਦੁਨੀ ਤੋਂ ਝਾੜਿਆ ਪੱਲਾ-

ਤੂੰ ਕੱਲਾ, ਅੱਲਾ ਵੀ ਕੱਲਾ,
ਦਾਨਾ ਬੀਨਾਂ, ਝੱਲ-ਵਲੱਲਾ!
ਹਰ ਕੋਈ ਆਵੇ ਜਾਵੇ ਕੱਲਾ!!
'ਹੁਣ' ਤੋਂ 'ਹੁਣ' ਤੱਕ, ਬੁੱਲ੍ਹਾ, ਅੱਲਾ!!!

***ਸ਼ਬਦ ਸੰਕੇਤ***

**ਹਰ ਸੂ** : ਹਰ ਪਾਸੇ, ਹਰ ਤਰਫ਼
**ਮਾਜ਼ੀ** : ਭੂਤ ਕਾਲ
**ਮੁਸਤਕਬਿਲ** : ਭਵਿੱਖ

## ਸ਼ਾਇਰ ਦਾ ਦਿਲ

ਕੁਝ ਫਟੇ ਹੋਏ ਸ਼ਬਦ
ਕੁਝ ਗੁੰਮ ਸੁੰਮ ਅਰਥ

ਕੁਝ ਅਣਵਾਹੀਆਂ ਲੀਕਾਂ
ਤੇ ਅਧੂਰੇ ਰਹਿ ਗਏ ਦਾਇਰੇ

ਕਾਟਿਆਂ ਵਿੱਚ ਕੱਟੇ ਗਏ
ਅੰਕ, ਅੱਖਰ, ਖ਼ਿਆਲ

ਕੁਝ ਔਰਤਾਂ ਦੇ ਵਿਖੰਡਤ ਨਕਸ਼
ਕੁਝ ਫਟੀਆਂ ਤਸਵੀਰਾਂ,
ਖਾਲ਼ੀ ਫ਼ਰੇਮ

ਨਾੜਾਂ ਦੇ ਬਾਈਪਾਸ ਦੇ ਜੋੜ
ਸਟੈਂਟ ਤੇ ਦਿਲ ਦੇ ਵੈਲਵ

ਅੱਖਾਂ ਵਿੱਚ ਸਦਾ ਲਈ ਰੁਕੇ ਹੋਏ
ਕੁਝ ਸੁਫਨੇ
ਕੱਚ ਕੰਕਰਾਂ, ਮਖੌਟੇ ਤੇ ਪਿੰਜਰੇ

ਸ਼ਾਇਰ ਦਾ ਦਿਲ :
ਪਲ ਪਲ ਜੀ ਰਿਹਾ ਕਬਾੜਖ਼ਾਨਾ !!!

## ਮੇਰਾ ਯਾਰ : ਇਕ 'ਪਾਰ ਅਰਥ' ਪਹੇਲੀ

ਵਕਤੋਂ ਪਹਿਲਾਂ ਤੁਰ ਗਏ ਨਾਮਵਰ ਸਮਕਾਲੀ ਕਵੀ ਮਿੱਤਰ :
ਅਜਾਇਬ ਕਮਲ ਦੇ ਨਾਂ

ਮੇਰਾ ਯਾਰ,
ਇਕ ਰੰਗਲੀ ਤੇ ਵਿਸਮੈਕਾਰੀ ਸ਼ਖ਼ਸੀਅਤ ਸੀ!

ਉਹ ਕਈ ਜੇਬਾਂ ਵਾਲਾ ਕੋਟ ਪਹਿਨਦਾ ਸੀ।
ਜੇਬਾਂ ਵਿੱਚ ਚੋਰ-ਜੇਬਾਂ ਸਨ...
ਤੇ ਉਨ੍ਹਾਂ ਵਿੱਚ ਹੋਰ...

ਉਸਨੂੰ ਗਿਆਨ ਸੀ, ਕਿ
ਦਿਸਦੇ ਦੇ ਪਾਰ ਕੁਝ ਹੋਰ ਵੀ ਹੈ:
'ਕਿਸੇ ਦਾ ਚੋਰ', 'ਕਿਸੇ ਦਾ ਮੋਰ।'

ਪਤੰਗ ਵਾਂਗ,
ਉਹ ਅਸਮਾਨ ਉਡਾਉਂਦਾ ਸੀ...
ਉਸਨੂੰ ਜਾਪਦਾ ਸੀ, ਕਿ
ਉਸਦੇ ਹੱਥ ਵਿੱਚ,
ਕਿਸੇ ਹੋਰ ਦੀ ਡੋਰ ਹੈ!!!

ਕਲਪਨਾ ਤੇ ਫੈਂਟਸੀ ਵਿੱਚ ਵਿਚਰਦਿਆਂ,
ਉਸਨੇ ਪ੍ਰਾਯਥਾਰਥ ਨੂੰ ਹੀ,
ਯਥਾਰਥ ਬਣਾ ਦਿੱਤਾ!
ਆਪਣੀ ਕਵਿਤਾ ਨੂੰ,
ਇਕ ਵਿਲੱਖਣ ਰਸਤਾ ਵਿਖਾ ਦਿੱਤਾ!

ਉਸਨੂੰ ਪਾਠਕ ਸਮਝਦੇ ਘੱਟ,
ਸੋਚਦੇ ਵੱਧ ਸਨ!

ਲਗਾਤਾਰ ਫੈਲ ਰਹੇ ਚਾਨਣ ਵਾਂਗ,
ਉਹ ਕਿਸੇ ਦੀ ਪਕੜ ਵਿੱਚ ਨਹੀਂ ਸੀ ਆਉਂਦਾ!

ਪਾਠਕ, ਆਲੋਚਕ ਤੋਂ ਸਦਾ ਹੀ,
ਦਸ ਕਦਮ ਅੱਗੇ ਨਿਕਲ ਜਾਂਦਾ ਸੀ।

ਜਾਦੂਗਰ ਨਹੀਂ ਸੀ ਮੇਰਾ ਯਾਰ,
ਨਾ ਹੀ ਮਸਖਰਾ...

ਖ਼ਿਆਲੀ ਰੁਮਾਲ ਹੇਠ,
ਉਹ ਆਂਡੇ ਨੂੰ ਸਿਫ਼ਰਾ
ਤੇ ਸਿਫ਼ਰੇ ਨੂੰ ਆਂਡਾ ਬਣਾ ਲੈਂਦਾ ਸੀ!
ਮਨੁੱਖ ਨੂੰ ਉਸਦਾ
ਆਦਿ ਤੇ ਅੰਤ ਵਿਖਾ ਦਿੰਦਾ ਸੀ!

ਆਪਣੇ ਆਪ ਤੇ ਹੱਸਦਾ ਹੋਇਆ ਵੀ, ਉਹ
ਸਭ ਦੀ ਖਿੱਲੀ ਉਡਾ ਦਿੰਦਾ ਸੀ!

ਅੱਖਾਂ ਬੰਦ ਕਰਕੇ ਵੀ ਉਹ
ਪੜ੍ਹ ਲੈਂਦਾ ਸੀ,
ਪੈਨ, ਕਲਮ ਦਵਾਤ ਬਿਨਾ ਵੀ, ਉਹ
ਲਿਖ ਲੈਂਦਾ ਸੀ!

ਕਲਪਨਾ ਉਸਦੀ ਭਾਸ਼ਾ,
ਫੈਂਟਸੀ ਉਸਦੀ ਸ਼ਬਦਾਵਲੀ ਸੀ!

ਉਸਨੂੰ ਪਤਾ ਸੀ ਕਿ,
ਨਿਰੰਤਰ ਚੱਲ ਰਹੇ ਅਰਥਾਂ ਦੇ ਦਰਿਆ ਵਿੱਚ,
ਸ਼ਬਦ,

ਵਹਾ ਨਾਲੋਂ ਟੁੱਟਾ ਹੋਇਆ ਇਕ ਟਾਪੂ ਹੈ...
ਸਮੇਂ ਵਿੱਚ ਠਹਿਰਿਆ ਹੋਇਆ,
ਇਕ ਕੈਪਸਿਊਲ!!!

ਯਥਾਰਥ ਦੇ ਬਦਲਦੇ ਰੂਪਾਂ ਨਾਲ,
ਅਠਕੇਲੀਆਂ ਕਰਦੇ ਕਰਦੇ...,
ਪ੍ਰਤੱਖ ਤੱਕ ਸੀਮਤ ਲੋਕਾਂ ਤੋਂ,
ਉਹ ਅਲੱਗ ਹੋ ਜਾਂਦਾ ਸੀ!

ਇਹ ਹੀ ਉਸਦੀ ਆਦਤ, ਉਸਦੀ ਸ਼ੈਲੀ,
ਉਸਦੀ ਪਹਿਚਾਣ ਸੀ!!!

ਹਰ ਲੀਕ ਤੋਂ ਵੱਖ ਹੋ ਕੇ ਵੀ, ਉਹ
ਆਪਣੇ ਵਾਹੇ ਦਾਇਰਿਆਂ ਵਿੱਚ,
ਕਦੇ ਕੈਦ ਨਹੀਂ ਸੀ ਹੁੰਦਾ!!!

ਉਸਦੀ ਜੇਬ ਵਿੱਚ ਸਦਾ ਹੀ,
ਹਰ ਦਾਇਰੇ ਤੋਂ ਪਾਰ ਇੱਕ ਹੋਰ ਦਾਇਰਾ ਹੁੰਦਾ ਸੀ...
ਦਾਇਰਿਆਂ ਦਾ ਨਿਰੰਤਰ ਸਿਲਸਿਲਾ!!!

ਨਾ ਲਿਖਦਾ ਹੋਇਆ ਵੀ,
ਉਹ ਸਦਾ ਲਿਖਦਾ ਰਿਹਾ!

ਉਮਰ ਭਰ, ਉਹ
ਹਰ ਇੱਕ ਦੀ ਟੋਪੀ 'ਚੋਂ,
ਕਬੂਤਰ ਕੱਢਦਾ ਰਿਹਾ!

ਜ਼ਿੰਦਗੀ ਨੂੰ, ਪਹੇਲੀ ਵਾਂਗ,
ਹਵਾ ਵਿੱਚ ਛੱਡਦਾ ਰਿਹਾ!!!

## ਸ਼ਬਦਾਂ ਦਾ ਜਾਦੂਗਰ

(ਇਹ ਕਵਿਤਾ, ਨਾਮਵਰ ਸ਼ਾਇਰ ਤੇ ਫੇਸਬੁੱਕ ਮਿੱਤਰ ਜਸਪਾਲ ਘਈ ਦੇ ਨਾਂ)

ਸਲਤਨਤ ਵਾਂਗੂੰ ਸ਼ਾਇਰਾਂ ਦਾ ਵੀ,
ਹੁੰਦਾ ਰਿਹਾ ਜ਼ਵਾਲ।
ਅੰਬਰ ਛੂਹਣ ਵਾਲੇ ਹੀ ਤਾਂ
ਡਿਗਦੇ ਰਹੇ ਚੌਫਾਲ!

ਸ਼ਬਦ ਹੀ ਪਿੰਡ ਬ੍ਰਹਮੰਡ ਬਣਿਆਂ ਸੀ,
ਸ਼ਬਦ ਹੀ ਬਣਿਆਂ ਸ਼ੂਨਯ!
ਗਿਣਤੀ ਮਿਣਤੀ ਵਿੱਚ ਗੁਜ਼ਰ ਗਏ,
ਦਿਨ, ਮਹੀਨੇ, ਸਾਲ!

ਏਕਾਂਕੀ ਹੋ ਜਾਏ ਵਿਵਿਧਤਾ,
ਤੋਰ 'ਚ ਆਏ ਠਹਿਰਾਅ!
ਫ਼ਰੇਮ 'ਚ ਬੰਦ ਪੇਂਟਿੰਗ ਦੇ ਵਾਂਗੂੰ,
ਇੱਕੋ ਦ੍ਰਿਸ਼ ਹਰ ਕਾਲ!

ਸੂਰਜ, ਤਾਰੇ, ਚੰਦ ਕਦੇ ਸਨ,
ਪੁਤਲੀਆਂ ਵਾਂਗ ਨਚਾਏ।
ਬਰਖਾ, ਬੱਦਲ ਸਭ ਉੱਡ ਗਏ, ਹੁਣ
ਸੱਤ-ਰੰਗੀਆਂ ਦੇ ਨਾਲ!

ਤੁਰਦੇ ਪੈਰਾਂ ਵਿੱਚ ਲਟਕਾਅ ਹੈ,
ਫ਼ਾਸਲਾ ਉਵੇਂ ਦਾ ਉਵੇਂ ਪਿਆ।
ਇੱਕੋ ਘੇਰੇ ਦੇ ਵਿੱਚ ਘੁੰਮਣਃ
ਕਲਪਨਾ, ਚਿੰਤਨ, ਖ਼ਿਆਲ!

ਆਪਣੇ ਬੋਲ ਬੇਗ਼ਾਨੇ ਲੱਗਣ,
ਸ਼ੀਸ਼ਾ ਮੂੰਹ ਚਿੜਾਏ!
ਅਕਲ ਵਿਗੜਦੀ, ਰੁਕ ਜਾਂਦੀ ਹੈ,
ਸ਼ਕਲ ਵੀ ਉਸਦੇ ਨਾਲ!

ਰੁੱਤਾਂ, ਸ਼ਬਦ ਬਨਾਵਣ ਨਾ, ਪਰ
ਸ਼ਬਦ, ਬਨਾਵਣ ਰੁੱਤਾਂ!
ਸ਼ਬਦਾਂ ਦਾ ਜੁ ਜਾਦੂਗਰ ਸੀ,
ਡਿੱਗਿਆ ਸ਼ਬਦਾਂ ਨਾਲ!!!

***ਸ਼ਬਦ ਸੰਕੇਤ***

**ਸਲਤਨਤ**: ਰਾਜ, ਰਿਆਸਤ
**ਜ਼ਵਾਲ**: ਪੱਤਣ
**ਚੌਫਾਲ**: ਚਿੱਤ, ਚੁਪੱਟ
**ਵਿਵਿਧਤਾ**: ਵੱਖਰੇਵਾਂ
**ਏਕਾਂਕੀ**: ਇਕ-ਰਸੀ

## ਮੁਹੱਬਤ: ਪਰਿਭਾਸ਼ਾ ਦੀ ਤਲਾਸ਼ ਵਿੱਚ

ਮੁਹੱਬਤ:
ਬਾਦਾਮ ਤੇ ਗਿਰੀ ਵਰਗੀ ਹੁੰਦੀ ਹੈ
ਬਾਹਰੋਂ ਸਖ਼ਤ, ਵਿੱਚੋਂ ਖਰੀ

ਮੁਹੱਬਤ:
ਧੁੱਪ ਵਿੱਚ ਟਮਾਟਰ ਵਾਂਗ ਹੁੰਦੀ ਹੈ
ਬਾਹਰੋਂ ਨਰਮ, ਅੰਦਰੋਂ ਗਰਮ

ਮੁਹੱਬਤ:
ਫੁੱਲ ਵਰਗੀ ਹੁੰਦੀ ਹੈ
ਨਜ਼ਰ ਨੂੰ ਨਿਓਂਦਾ, ਹੋਂਦ ਨੂੰ ਵਾਸ਼ਨਾ

ਮੁਹੱਬਤ:
ਦਰਿਆ ਵਰਗੀ ਹੁੰਦੀ ਹੈ
ਗਲੇਸ਼ੀਅਰ ਤੋਂ ਸਮੁੰਦਰ ਤੱਕ ਲਗਾਤਾਰ ਫੈਲਦੀ

ਮੁਹੱਬਤ:
ਆਕਾਸ਼ ਵਰਗੀ ਹੁੰਦੀ ਹੈ
ਪਿੰਡ ਵਿੱਚ ਬ੍ਰਹਮੰਡ ਦਾ ਅਹਿਸਾਸ

ਮੁਹੱਬਤ:
'ਮੈਂ' ਵਰਗੀ ਹੁੰਦੀ ਹੈ
'ਤੂੰ' ਦਾ 'ਮੈਂ' ਵਿੱਚ ਪ੍ਰਕਾਸ਼

ਮੁਹੱਬਤ:
ਸ਼ਬਦ ਤੇ ਅਰਥ ਵਰਗੀ ਹੁੰਦੀ ਹੈ
ਸਮਾਂ ਬਣ, ਸਮੇਂ ਨੂੰ ਅੰਕਦੀ

ਮੁਹੱਬਤ:
ਬਾਂਸੁਰੀ ਵੀ ਹੈ ਤੇ ਸੁਰ ਵੀ
ਇਹ ਸਾਹ ਵਿੱਚ ਸਾਹ ਦੇ ਇੱਕ ਹੋਣ ਕੀ ਕਥਾ ਹੈ

ਮੁਹੱਬਤ:
'ਏਕੇ' ਵਰਗੀ ਹੁੰਦੀ ਹੈ
ਜਿਸ ਵਿੱਚੋਂ ਮੈਂ, ਤੂੰ, ਈਸ਼ਵਰ, ਸ੍ਰਿਸ਼ਟੀ, ਕੱਥ ਮਿੱਥ,
ਸਭ ਨਜ਼ਰ ਆਉਂਦੇ ਹਨ

ਮੁਹੱਬਤ:
ਇੱਕ ਪਹੇਲੀ ਵਰਗੀ ਹੁੰਦੀ ਹੈ
ਤੂਫ਼ਾਨ ਤੋਂ ਬਾਅਦ ਖ਼ਾਮੋਸ਼ੀ ਤੇ ਖ਼ਾਮੋਸ਼ੀ ਤੋਂ ਬਾਅਦ ਤੂਫ਼ਾਨ ਦੀ!!!

ਮੁਹੱਬਤ:
ਸੁਰ ਵੀ ਹੈ ਤੇ ਸਾਜ਼ ਵੀ
ਮਰਦ, ਔਰਤ, ਬਰਾਬਰ ਦਾ ਆਨੰਦ!!!

## ਬੀਜ ਬਨਾਮ ਬੇ-ਬੀਜ

ਹਵਾ, ਬੇ-ਬੀਜ ਹੈ!
ਧਰਤੀ, ਬੇ-ਬੀਜ ਹੈ!
ਸੂਰਜ, ਬੇ-ਬੀਜ ਹੈ!
ਜਲ, ਬੇ-ਬੀਜ ਹੈ!

ਜੋ ਬੇ-ਬੀਜ ਹੈ,
ਕੀ ਉਹ ਹੀ ਅਨੰਤ ਹੈ???

ਰੁੱਖ ਨੂੰ,
"ਰੁੱਖ-ਬੀਜ-ਰੁੱਖ" ਦੇ,
ਨਿਰੰਤਰ ਸੂਤਰ ਵਿੱਚ ਚੱਲਣ ਲਈ,
ਧਰਤੀ ਦੀ ਲੋੜ ਹੈ!

ਧਰਤੀ, ਮਾਂ ਵਾਂਗ,
ਹਰ ਬੀਜ ਜੰਮਦੀ,
ਹਰ ਫ਼ਸਲ ਪਰਵਾਨ ਚਾੜ੍ਹਦੀ ਹੈ...
ਹਵਾ, ਸੂਰਜ ਤੇ ਪਾਣੀ ਦੇ ਨਾਲ ਨਾਲ!!!

ਔਰਤ, ਅੰਡਾ ਹੈ,
ਧਰਤੀ, ਅੰਡਾ ਨਹੀਂ,
ਕੇਵਲ ਗਰਭਦਾਨੀ ਹੈ!

ਔਰਤ,
ਅੰਡੇ ਦੇ ਨਾਲ ਨਾਲ,
ਗਰਭਦਾਨੀ ਵੀ ਹੈ।

ਧਰਤੀ ਵਾਂਗ,
ਮਨੁੱਖ ਦੇ ਬੀਜ ਨੂੰ,

"ਪੁੱਤਰ/ਧੀ-ਪਿਓ/ਮਾਂ- ਪੁੱਤਰ/ਧੀ", ਦੇ
ਨਿਰੰਤਰ ਕ੍ਰਮ ਵਿੱਚ ਵਿਸਥਾਰਦੀ!

ਸੂਤਰ ਵਿਚ ਬੱਝੀ ਔਰਤ,
ਧਰਤੀ ਮਾਂ ਦੇ ਸਮਾਨੰਤਰ ਚੱਲਦੀ ਹੈ,
ਸੂਰਜ, ਪਾਣੀ ਤੇ ਹਵਾ ਦੇ ਨਾਲ ਨਾਲ!!!

ਮਨੁੱਖ ਦਾ ਬੀਜ ਵੀ,
ਖ਼ੁਦ ਬੇ-ਬੀਜ ਹੋ ਕੇ,
ਨਵੇਂ ਬੀਜ, ਨਵੇਂ ਅੰਡੇ ਨੂੰ,
ਅੱਗੇ ਤੋਰਦਾ ਹੈ!!!

ਧਰਤੀ ਤੇ ਔਰਤ, ਮਾਂਵਾਂ ਹਨ,
ਆਦਿ-ਕਾਲ ਤੋਂ,
ਬੀਜ ਦੀ ਉਡੀਕ ਵਿੱਚ!!!

ਇਹ ਬੀਜ ਹੀ,
ਸਭ ਗਿਆਨ, ਵਿਗਿਆਨ,

ਮਿੱਥ, ਰਹੱਸ, ਸ਼ਬਦ ਤੇ ਜਹਾਨ ਦਾ,
ਆਦਿ-ਕਾਲੀ ਚਿੰਤਨ ਹੈ!!!

### *ਸ਼ਬਦ ਸੰਕੇਤ*

**ਬੀਜ** : ਬੀ, Seed
**ਬੇ-ਬੀਜ** : ਬੀਜ ਤੋਂ ਬਿਨਾਂ, ਬੀ-ਰਹਿਤ, Seedless
**ਬੀਜ ਬਨਾਮ ਬੇ-ਬੀਜ**: Seed Vs. Seedless

## ਸ਼ਬਦ: ਮੈਂ ਤੇ ਤੂੰ
## (ਕਿੱਸਾ ਪੜਯਥਾਰਥਕ/Surreal ਇਸ਼ਕ ਦਾ)

ਤੇਰੀ ਤਸਵੀਰ ਸਾਂਹਵੇਂ,
ਸਾਰੇ ਦਾ ਸਾਰਾ ਖੁੱਲ੍ਹ ਰਿਹਾ ਹਾਂ!

ਮੈਂ ਪਰਬਤ ਦੀ ਚੋਟੀ ਦਾ ਝਰਨਾ,
ਦਰਿਆ ਬਣ,
ਸਾਗਰ ਼ਚ ਡੁੱਲ੍ਹ ਰਿਹਾ ਹਾਂ!!!

ਤੇਰੀ ਤਸਵੀਰ, ਕੇਵਲ ਤੇਰਾ ਅਕਸ ਨਹੀਂ,
ਇਹ ਇਕ ਭਾਵ-ਵਾਚਕ ਹੋਂਦ, ਆਕਾਰ ਹੈ!

ਤੇਰੇ ਆਸਮਾਨ 'ਤੇ ਮੇਰੀ ਉਡਾਣ,
ਮੈਨੂੰ ਸਾਫ਼ ਵਿਖਾਈ ਦਿੰਦੀ ਹੈ!

ਵਣ ਵਿੱਚ ਰੁਮਕਦੀ ਪੌਣ,
ਪਰਬਤ ਤੋਂ ਡਿਗਦੀ ਆਬਸ਼ਾਰ,
ਮੈਨੂੰ ਸਾਫ਼ ਸੁਣਾਈ ਦਿੰਦੀ ਹੈ!

ਤੂੰ ਦਰਵਾਜ਼ੇ 'ਚੋਂ ਖੁੱਲ੍ਹਦਾ ਦਰਵਾਜ਼ਾ,
ਖਿੜਕੀ 'ਚੋਂ ਨਿਰੰਤਰ ਖੁੱਲ੍ਹਦੀਆਂ,
ਖਿੜਕੀਆਂ ਦਾ ਸਿਲਸਿਲਾ ਹੈਂ!

ਤੇਰਾ ਸਥੂਲ ਵਜੂਦ,
ਕਿਤੇ ਵੀ ਹੋਵੇ,
ਕੀ ਫਰਕ ਪੈਂਦਾ ਹੈ???

ਆਪਣੇ ਆਪ ਨੂੰ ਵੇਖਦਾ, ਮੈਂ
ਤੇਰੇ ਆਰ ਪਾਰ ਖੁੱਲ੍ਹ ਰਿਹਾ ਹਾਂ!

ਅੱਖਾਂ ਵਿੱਚ ਸੱਤ-ਰੰਗੀਆਂ ਵਸਾਈ,
ਮੈਂ ਤੈਨੂੰ ਸਪਰਸ਼ਦਾ, ਮਹਿਸੂਸਦਾ,
ਆਪਣੇ ਆਪ 'ਚ ਭਰ,
ਆਪਣੇ ਆਪ 'ਚ ਡੁੱਲ੍ਹ ਰਿਹਾ ਹਾਂ -
ਚੰਨ, ਤਾਰੇ, ਸੂਰਜ, ਨਖਯਤਰ,
ਪਿੰਡ, ਬ੍ਰਹਮੰਡ ਬਣ ਗਿਆ ਹਾਂ!

ਮੈਂ ਕੇਵਲ ਸ਼ਬਦਾਂ 'ਚ ਪਰੋਈ ਜ਼ਿੰਦਗੀ ਹਾਂ,
ਅਰਥਾਂ 'ਚ ਵੱਸਦਾ ਸੰਸਾਰ ਹਾਂ!
ਮੈਂ ਰੋਮ, ਰੋਮ ਆਪਣਾ ਹੁੰਦਾ ਹੋਇਆ ਵੀ,
ਤੇਰਾ ਪਿਆਰ ਹਾਂ!

ਫੁੱਲ ਤੇ ਮਹਿਕ ਵਿੱਚ,
ਲੀਕ ਨਹੀਂ ਪੈਂਦੀ -
ਤੇਰੀ ਤਸਵੀਰ,
ਮੇਰਾ ਸਮੁੱਚ ਹੈ,
ਸ਼ਬਦ ਹੈ,
ਸ਼ਬਦ ਨਾਲ ਜੁੜਿਆ,
ਤੇਰਾ, ਮੇਰਾ ਅਟੁੱਟ ਅਰਥ ਹੈ!!!

ਤੂੰ ਮੇਰੀ ਸੀਮਾ ਨਹੀਂ,
ਮੇਰਾ ਅਸੀਮ ਤੇ ਖੁੱਲ੍ਹਾ ਆਕਾਸ਼ ਹੈਂ,
ਜਿਸ 'ਚੋਂ ਮੈਨੂੰ,
ਮੇਰੀਆਂ ਉਡਾਰੀਆਂ ਦਾ ਇਤਿਹਾਸ,
ਸਾਫ਼ ਵਿਖਾਈ ਦਿੰਦਾ ਹੈ!!!

## ਪਾਰ ਯਥਾਰਥ

ਬਾਰ, ਬਾਰ, ਮੈਂ
ਆਪਣੇ ਆਪ ਨੂੰ ਹੀ,
ਲਿਖੀ ਜਾ ਰਿਹਾ ਹਾਂ!
ਆਪਣੇ ਹੀ ਸ਼ੀਸ਼ੇ ਵਿੱਚ,
ਚੰਦ, ਸਿਤਾਰੇ-
ਖ਼ੁਦ ਵੇਖ ਤੇ ਸਭ ਨੂੰ ਵਿਖਾ ਰਿਹਾ ਹਾਂ!

ਆਦਿ-ਕਾਲ ਤੋਂ, ਮੈਂ
ਗਲੇਸ਼ੀਅਰ ਤੋਂ ਲਗਾਤਾਰ,
ਸਮੁੰਦਰ ਵਲਾਂ ਜਾ ਰਿਹਾ ਹਾਂ!

ਕਦੇ ਜਾਪਦਾ ਹੈ ਕਿ ਮੈਂ
ਹੁਣੇ ਹੁਣੇ ਆਂਡੇ, 'ਚੋਂ ਨਿਕਲਿਆ,
ਬੇਬੀ ਪੰਛੀ ਹਾਂ, ਜੁ
ਅੰਬਰ 'ਤੇ ਪੰਖ ਫੈਲਾ ਰਿਹਾ ਹੈ!
ਮੇਰੇ ਅੰਦਰ, ਬਾਹਰ, ਉੱਡਦਾ ਜਾ ਰਿਹਾ ਹੈ!
ਆਦਿ ਨਾਲ ਅਨੰਤ ਨੂੰ ਮਿਲਾ ਰਿਹਾ ਹੈ!!!

ਵੇਦਾਂ, ਗ੍ਰੰਥਾਂ, ਪੁਰਾਣਾਂ, ਮਿੱਥ-ਕਥਾਵਾਂ
ਤੇ ਕਿੱਸਿਆਂ ਦੀਆਂ ਨਾੜਾਂ ਵਿੱਚ,
ਮੇਰਾ ਹੀ ਲਹੂ ਵੱਗਦਾ ਹੈ!

ਚਿਹਰਿਆਂ ਤੇ ਮਖੌਟਿਆਂ ਵਿਚਕਾਰ
ਵਿਚਰਦਾ, ਮੈਂ
ਇਕ ਮਹਾਂ ਕਾਵਿ-ਨਾਟਕ ਹਾਂ!
ਅਭਿਨਯ ਵਿਚ ਵਿਚਰਦਾ,
ਯਥਾਰਥ, ਪਾਰ-ਯਥਾਰਥ ਹਾਂ!!!

ਮੇਰੇ ਕਈ ਜ਼ਿਲ੍ਹੇ ਹਨ,
ਤਸੀਲਾਂ, ਥਾਣੇ, ਪਿੰਡ, ਨਗਰ,
ਮਹਾਂ ਨਗਰ,
ਆਬਾਦ ਤੇ ਵੀਰਾਨ ਬਸਤੀਆਂ ਹਨ!
ਪਾਤਾਲ ਜਿੰਨੇ ਡੂੰਘੇ ਟੋਏ,
ਅਪਹੁੰਚ ਆਸਮਾਨ ਤੇ
ਉਨ੍ਹਾਂ ਨਾਲ ਜੁੜੇ ਹੋਏ ਸੁਫਨੇ ਹਨ!
ਮੈਂ ਹੀ ਆਪਣਾ
ਦੇਸ਼ ਪ੍ਰਦੇਸ਼ ਹਾਂ!!!

ਮੇਰੇ ਕੋਲ,
ਭੁੱਖ ਵਿੱਚ ਧੀਮੀਂ ਮੌਤ ਮਰ ਰਹੀ
ਗ਼ਰੀਬੀ ਹੈ...
ਪਰੀਆਂ, ਰਾਜਕੁਮਾਰਾਂ ਤੇ
ਫ਼ਰਿਸ਼ਤਿਆਂ ਦੀ ਫੈਂਟਸੀ ਹੈ!!!

ਮੇਰੇ ਕੋਲ ਖ਼ੁਰਦਬੀਨ ਵੀ ਹੈ
ਤੇ ਦੂਰਬੀਨ ਵੀ!
ਆਪਣੇ ਆਪ,
ਆਪਣੇ ਪਾਸਾਰ ਨੂੰ,
ਨੇੜਿਓਂ ਤੇ ਦੂਰੋਂ ਵੇਖਣ,
ਵਿਖਾਉਣ ਦਾ,
ਆਪਣਾ ਹੀ ਅਦਭੁਤ ਨਜ਼ਾਰਾ ਹੈ!!!

ਮੈਂ, ਲਟ ਲਟ ਮੱਚਦਾ, ਸੁਲਗਦਾ ਚਿੰਤਨ ਹਾਂ–
ਸ਼ਬਦ, ਸੋਚ ਤੇ ਸੁਹਜ ਦਾ ਚਿੰਨ੍ਹ,
ਸ੍ਰਿਸ਼ਟੀ ਦਾ ਲੋਅ-ਰੂਪ ਆਕਾਰ ਹਾਂ!

ਲਿਖਦਿਆਂ, ਲਿਖਦਿਆਂ, ਇਕ ਦਿਨ,
ਕਲਮ ਨੇ ਰੁਕ ਜਾਣਾ ਹੈ,

ਮੈਂ ਨਹੀਂ...

ਮੇਰੀਆਂ ਲਿਖ਼ਤਾਂ ਨੇ,
ਆਉਣ ਵਾਲੀਆਂ ਪੀੜ੍ਹੀਆਂ ਨੂੰ,
ਜਾਗ ਲਾਉਣਾ ਹੈ!

ਕਈ ਮਹਾਤਮਾ ਬੁੱਧ,
ਕੋਲੰਬਸ, ਡਾਰਵਨ, ਨਿਊਟਨ,
ਟਾਲਸਟਾਏ, ਚੈਖਵ, ਸਾਰਤ,
ਮਾਈਕਲ ਜੈਕਸਨ, ਤਾਨ ਸੈਨ,
ਪ੍ਰੀਤਮ ਸਿੰਘ ਸਫ਼ੀਰ ਤੇ ਦੇਵਿੰਦਰ ਸੱਤਿਆਰਥੀ,
ਅਜੇ ਘਰਾਂ ਵਿੱਚ ਬੈਠੇ ਹਨ,
ਉਨ੍ਹਾਂ ਨੂੰ ਜਗਾਉਣਾ ਹੈ!

ਹਰ ਸੋਚ, ਹਰ ਕਲਮ ਨੂੰ,
ਮਸ਼ਾਲ ਬਨਾਉਣਾ ਹੈ!
ਇਕ ਨਿਰੰਤਰ ਗੀਤ ਲਿਖਣਾ,
ਜ਼ਿੰਦਗੀ ਦਾ ਜਸ਼ਨ ਮਨਾਉਣਾ ਹੈ!!!

***ਸ਼ਬਦ ਸੰਕੇਤ***

ਪ੍ਰੀਤਮ ਸਿੰਘ ਸਫ਼ੀਰ : ਪੰਜਾਬੀ ਦਾ ਨਾਮਵਰ ਬੌਧਿਕ ਰਹੱਸਵਾਦੀ ਕਵੀ
ਦੇਵਿੰਦਰ ਸੱਤਿਆਰਥੀ: ਪੰਜਾਬੀ ਦਾ ਨਾਮਵਰ ਤੇ ਵਿਲੱਖਣ ਸਾਹਿਤਕਾਰ। ਉਹ ਉਰਦੂ ਤੇ ਹਿੰਦੀ ਵਿੱਚ ਵੀ ਲਿਖਦਾ ਸੀ।

## ‘ਇਕ’ ਹੋਵਣ ਦਾ ਝੱਲ, ਓ ਬੁੱਲ੍ਹਿਆ

ਚੁੱਪ ਵਿੱਚ ਅੱਧਾ ਰਾਜ਼ੀ,
ਬੁੱਲ੍ਹਿਆ,
ਚੁੱਪ ਵਿੱਚ ਅੱਧਾ ਰਾਜ਼ੀ!

‘ਹੁਣ’ ਕੀ ਹਾਲ?
ਮੁਸਤਕਬਿਲ, ਮਾਜ਼ੀ?

‘ਹੁਣ’ ਵਿੱਚ ‘ਹੁਣ’ ਦਾ ਦਰਸ਼ਨ ਬੁੱਲ੍ਹਿਆ!

ਆਸ਼ਿਕ ਤੇ ਮਾਸ਼ੂਕ ਵੀ ਦੋਵੇਂ
ਅੱਧੋ ਅੱਧ ਨੇ–

ਦੋ ਅੱਧਾਂ ’ਚੋਂ, ਇਕ ਹੋਵਣਗੇ–

‘ਇਕ’ ਹੋਵਣ ਦਾ ਝੱਲ, ਓ ਬੁੱਲ੍ਹਿਆ–

ਕੀ ਕਰੇਗਾ ਕਾਜ਼ੀ?

ਚੁੱਪ ਵਿੱਚ ਅੱਧਾ ਰਾਜ਼ੀ!!!

### *ਸ਼ਬਦ ਸੰਕੇਤ*

**ਹਾਲ** : ਵਰਤਮਾਨ
**ਮੁਸਤਕਬਿਲ** : ਭਵਿੱਖ
**ਮਾਜ਼ੀ** : ਭੂਤਕਾਲ

## ਮਖੌਟੇ, ਸ਼ਬਦ ਤੇ ਕਵਿਤਾ

ਸੋਚ,
ਭੂਤ, ਵਰਤਮਾਨ ਤੇ ਭਵਿੱਖ ਤੋਂ
ਬਹੁਤ ਅੱਗੇ ਨਿਕਲ ਜਾਂਦੀ ਹੈ!

ਉੱਡਣ ਵਾਲੇ, ਪੈਰ ਨਹੀਂ ਘੜੀਸਦੇ!

ਪਾਰਦਰਸ਼ੀ ਦ੍ਰਿਸ਼ਟੀ,
ਹਰ ਸ਼ਬਦ ਦੀਆਂ ਪਰਤਾਂ ਫਰੋਲਦੀ,
ਅਰਥਾਂ ਦੇ ਭੇਦ ਖੋਲ੍ਹਦੀ ਹੈ!!!

ਸ਼ਬਦ ਤੱਕ ਸੀਮਤ ਸੂਝ,
ਮਖੌਟਿਆਂ ਵਿੱਚ ਗਵਾਚ ਜਾਂਦੀ ਹੈ!!!

ਕਵੀ,
ਸਮੇਂ ਦਾ ਗਯਾਤਾ ਹੈ!

ਕਵਿਤਾ,
ਪੀੜ੍ਹੀਆਂ ਦੀ ਪਾਰ ਗਾਥਾ ਹੈ!!!

## ਫਾਸਲਿਆਂ ਦਾ ਸਫ਼ਰ

ਅਸੀਂ ਤਾਂ ਵੱਜਣਾ ਘੰਟੇ ਵਾਂਗੂੰ,
ਸਮੇਂ ਵਾਂਗ ਅਸੀਂ ਤੁਰਨਾ
ਕਣੀਆਂ ਬਣ ਬੱਦਲਾਂ 'ਚੋਂ ਟੁੱਟਣਾ,
ਸੱਤ-ਰੰਗੀਆਂ ਵਿੱਚ ਜੁੜਨਾ!

ਸਮਾਂ ਵੀ ਸਾਡੇ ਵਿੱਚੋਂ ਹੀ,
ਸਭ ਆਪਣੇ ਰੰਗ ਵਿਖਾਵੇ
ਆਪੇ ਹੀ ਸੰਗੀਤ ਬਣੇ, ਤੇ
ਸਾਡੇ ਵਿੱਚੋਂ ਗਾਵੇ!

ਨਾ ਅਸੀਂ ਆਈਏ,
ਨਾ ਅਸੀਂ ਜਾਈਏ,
ਸਮੇਂ 'ਚ ਸਾਡਾ ਵਾਸ
ਨਦੀਆਂ ਨਾਲੇ ਪੀ ਜਾਂਦੀ ਹੈ,
ਇਸ ਸਾਗਰ ਦੀ ਪਿਆਸ!

ਫ਼ਲਸਫ਼ਿਆਂ ਦੀ ਘੁੰਡ-ਚੁਕਾਈ:
ਗਿਆਨ ਅਤੇ ਵਿਗਿਆਨ
ਮਿੱਥ-ਕਥਾ ਤੋਂ ਉੱਪਰ ਉੱਠਿਆ,
ਸਹਿਜ ਸਮਾਧੀ, ਸਹਿਜ ਧਿਆਨ।

ਤੁਰਦੇ-ਤੁਰਦੇ, ਜ਼ਿੰਦਗੀ, ਕੁਦਰਤ,
ਏਥੋਂ ਤੱਕ ਲੈ ਆਏ
ਭਾਸ਼ਾ ਵਿੱਚ ਇਤਿਹਾਸ ਸਾਂਭਿਆ,
ਅਰਥਾਂ ਵਿੱਚ ਸੱਚ ਪਾਏ!

ਦੀਵੇ 'ਚੋਂ ਅਸੀਂ ਸੂਰਜ ਤੱਕੀਏ,
ਸੂਰਜ ਵਿੱਚੋਂ ਦੀਵੇ

ਅੰਬਰ, ਪਰਬਤ, ਨਦੀਆਂ, ਸਾਗਰ,
ਆਪਣੇ ਆਪ 'ਚ ਖੀਵੇ!

ਮੈਂ ਦਾ ਨਸ਼ਾ ਹੀ ਪਿੰਡ, ਬ੍ਰਹਮੰਡ ਹੈ,
ਮੈਂ ਬਿਨ ਨਾ ਕੋਈ ਬਾਤ
ਮੈਂ ਵਿੱਚੋਂ ਹੀ ਦਿਨ ਚੜ੍ਹਦਾ ਹੈ,
ਮੈਂ 'ਚੋਂ ਪੈਂਦੀ ਰਾਤ

ਮੈਂ ਦੇ ਨਾਲ ਹੀ ਮੈਂ ਖੇਡਦੀ,
ਮੈਂ ਦੇ ਰੂਪ ਅਨੇਕ
ਮੈਂ ਵਿੱਚ ਰਾਂਝੇ, ਮੈਂ ਵਿੱਚ ਹੀਰਾਂ,
ਮੈਂ ਵਿੱਚ ਬੁੱਧ, ਵਿਵੇਕ

ਮੇਰਾ ਸ਼ੀਸ਼ਾ, ਮੇਰੀ ਦ੍ਰਿਸ਼ਟੀ,
ਮੈਂ ਵਿੱਚ ਮੈਂ ਦਾ ਨੂਰ।
ਫ਼ਾਸਲਿਆਂ ਦਾ ਸਫ਼ਰ ਅਸੀਂ ਹਾਂ,
ਨਾ ਨੇੜੇ, ਨਾ ਦੂਰ!

## ਨਵਾਂ ਮੁੱਢ: ਆਪੋ ਆਪਣੀ ਕੁਦਰਤ

ਕੁਦਰਤ,
ਉਸ ਦੇ ਮੌਸਮ,
ਉਸ ਦੇ ਰੰਗ...

ਟੁੱਟ ਭੱਜ,

ਦੁਫਾੜ...
ਤਿਫਾੜ...
ਚੁਫਾੜ...

ਟੁੱਟਣ ਤਕ ਤਣਾਓ!

ਗੁਲਸ਼ਨ ਵਿੱਚ ਛੁਪੀ ਪੱਤਝੜ,
ਫੁੱਲ-ਪੱਤੀਆਂ ਦਾ ਬਿਖਰਾਓ!!!

ਸਾਡੇ ਤੇ ਕੁਦਰਤ ਵਿੱਚ,
ਕਿੰਨਾ ਕੁਝ ਸਾਂਝਾ ਹੈ!!!

"ਜਨਮ-ਸਮੇਂ ਤੋਂ,
ਮਨੁੱਖ ਵਿੱਚ,
ਬੀਜ ਵਿੱਚ,
ਇਵੇਂ ਹੀ ਹੁੰਦਾ ਆ ਰਿਹਾ ਹੈ!"

ਬਹੁਤ ਹੋ ਗਿਆ,
ਹੁਣ ਤੁਸੀਂ,
ਹਰ ਐਸੀ ਸੋਚ 'ਤੇ,
ਵਿਸ਼ਰਾਮ ਲਾਓ!

ਆਪਣੇ ਆਪ 'ਚੋਂ ਫੇਰ ਜੰਮੋਂ,
ਮੁੱਢੋਂ ਸੁਢੋਂ, ਫੇਰ...

ਆਪੋ ਆਪਣੀ ਬਾਤ ਪਾਓ:

ਨਵਾਂ ਸੋਮਾਂ...
ਨਵੇਂ ਪਾਣੀ...
ਨਵਾਂ ਬਹਾਓ!!!

ਆਪ ਆਪਣੀ ਕੁਦਰਤ ਬਣ ਜਾਓ!!!

## ਖੋਟੇ ਸਿੱਕੇ

ਕੈਲੰਡਰ ਦੀਆਂ ਤਰੀਕਾਂ ਵਾਂਗੂੰ,
ਰਿਸ਼ਤੇ ਨਾਤੇ ਬਦਲ ਗਏ।

ਤਪਦਾ ਸੂਰਜ, ਮਿੱਤਰਚਾਰੇ,
ਬਰਫ਼ਾਂ ਵਾਂਗੂੰ ਪਿਘਲ ਗਏ।

ਆਪਣਿਆਂ 'ਚੋਂ ਆਪਣੇ ਚਿਹਰੇ,
ਬਣੇ ਬੇਗਾਨੇ, ਨਿਕਲ ਗਏ।

ਜ਼ਿੰਦਗੀ ਨਾਟਕ, ਮੁੱਖ ਮਖੌਟਾ,
ਸੱਚ, ਭਰਮ ਵਿੱਚ ਬਦਲ ਗਏ।

ਸੁੰਦਰ ਚਿਹਰਾ, ਕਪਟੀ ਅੱਖਾਂ,
ਤੁਰਨੋ ਪਹਿਲਾਂ, ਫਿਸਲ ਗਏ।

ਬ੍ਰਹਮ-ਗਿਆਨੀ ਖੋਤੇ ਚਾਰਨ,
ਖੋਤੇ ਅੱਗੇ ਨਿਕਲ ਗਏ।

ਆਦਰਸ਼ਾਂ ਤੋਂ ਬੇਮੁੱਖ ਸੱਭਿਅਤਾ,
ਖੋਟੇ ਸਿੱਕੇ ਚੱਲ ਪਏ।

## ਇਕ ਜੀਵਨ, ਅਨੇਕ ਨਾਟਕ

ਤੁਹਾਡੀ ਕਲਮ, ਤੁਹਾਡਾ ਨਾਟਕ,
ਪਾਤਰ ਤੁਸੀਂ, ਕਥਾ ਤੁਸੀਂ ਹੋ!
ਸ਼ਬਦ ਮਖੌਟੇ, ਅਰਥ ਬਦਲਦੇ,
ਪੁਤਲੀ, ਦਿਸ਼ਾ, ਤਮਾਸ਼ਾ ਤੁਸੀਂ ਹੋ!

ਦ੍ਰਿਸ਼ਟੀ ਹੋ, ਦ੍ਰਿਸ਼ਟਾਂਤ ਤੁਸੀਂ ਹੋ,
ਵਾਰਤਾਲਾਪ 'ਚ ਗੁੱਝੀਆਂ ਮਾਰਾਂ!
ਮਾਰੋ ਵੀ ਤੇ ਮਰਦੇ ਵੀ ਹੋ,
ਜੀਵਨ, ਮੌਤ ਤੁਹਾਡੀਆਂ ਤਾਰਾਂ!

ਅੰਦਰ, ਬਾਹਰ ਦੇ ਵਿੱਚ ਝਗੜਾ,
ਮਨ ਦੀਆਂ ਗੁੰਝਲਾਂ, ਉਲਝੀਆਂ ਸੋਚਾਂ
ਯੁੱਗ ਦੀ ਉਲਟੀ ਪਿਆਲੀ ਦੇ ਵਿੱਚ,
ਤੁਸੀਂ ਹੀ ਸੱਖਣੇ, ਤੁਸੀਂ ਖਲਾਅ ਹੋ।

ਪਾਤਰ ਤੇ ਪਾਤਰ ਦਾ ਝਗੜਾ,
ਮਾਨਵ ਤੋਂ ਕੁਲ ਵਿਸ਼ਵ ਨੂੰ ਖ਼ਤਰਾ!
'ਅੰਦਰੋਂ' ਯੁੱਧ, ਜਦ 'ਬਾਹਰ' ਆਵੇ,
ਮਸੋਲੀਨੀ, ਕੋਈ ਹਿਟਲਰ ਬਣਦਾ।

ਮੰਚ, ਰੌਸ਼ਨੀ, ਧੁਨੀ, ਦ੍ਰਿਸ਼ ਸਭ,
ਕਾਰਜ ਤੇ ਪ੍ਰਤਿਕਾਰਜ ਤੁਸੀਂ ਹੋ।
ਮੋਮ ਦਾ ਨੱਕ, ਜਿਓਂ ਚਾਹੇ, ਮੋੜੋ,
ਆਸਥਾ ਤੁਸੀਂ, ਵਿਨਾਸ਼ ਤੁਸੀਂ ਹੋ।

ਆਦਿ-ਕਾਲ ਤੋਂ ਮਹਾਂ ਨਾਟ ਇਹ,
ਨਾਟ-ਸ਼ਾਸਤਰ, ਕਥ ਮਿੱਥ, ਵਿਥਿਆ-
ਨਾਟਕ ਵਿੱਚ ਹੀ ਨਾਟਕਕਾਰ ਦਾ,
ਜਿਊਂਣਾ ਤੇ ਹੈ ਮਰਨਾ ਲਿਖਿਆ!!!

## ਇਸ਼ਕ ਦੇ ਅਮਰ ਨਿਸ਼ਾਨ

ਸ਼ਬਦ-ਕਲਾ ਤੋਂ, ਇਕ ਸ਼ਿਅਰ ਹੀ,
ਬਣ ਜਾਵੇ ਦੀਵਾਨ।
ਇੱਕੋ ਸੂਤਰ ਵਿੱਚ ਸਮਾਵੇ,
ਸਦੀਆਂ ਦਾ ਵਿਖਿਆਨ।

ਕਲਪਨਾ, ਅੱਖਰ, ਸ਼ਬਦ ਤੇ ਬੋਲੀ,
ਹੈ ਅੱਜ ਦਾ ਇਨਸਾਨ।
ਕਥ ਮਿੱਥ, ਛਿਣ-ਸੱਚ, ਅਰਥ ਬਣੇ, ਇਹ
ਚਿੰਤਨ ਦੀ ਸੰਤਾਨ।

ਨਾਨਕ, ਈਸਾ, ਬੁੱਧ, ਮੁਹੰਮਦ,
ਗੀਤਾ, ਗ੍ਰੰਥ, ਕੁਰਾਨ-
ਮਾਨਵ ਹੱਥੋਂ ਬਣਦੇ ਰਹੇ ਹਨ,
ਛੋਟੇ, ਵੱਡੇ ਸਭ ਭਗਵਾਨ।

ਜੀਵਨ, ਦੁਨੀਆ, ਖੇਡ ਸ਼ਬਦ ਦੀ,
ਸ਼ਬਦ ਹੀ ਗਿਆਨ, ਵਿਗਿਆਨ।
ੴ ’ਚ ਸਿਮਟ ਗਿਆ ਸੀ,
ਦਿਸ, ਅਦਿਸ ਜਹਾਨ।

ਕਲਮ, ਦਵਾਤ, ਸਲੇਟ ਤੇ ਫੱਟੀ,
ਕੰਪਿਊਟਰ ਵਿੱਚ ਢਲ ਗਏ-
ਬਦਲੀ ਵਿੱਚ ਰੁੱਤਾਂ ਦਾ ਵਾਸਾ,
ਬਦਲੀ ਵਿੱਚ ਰਹਿੰਦਾ ਹੈ ਗਿਆਨ।

ਪਲਾਂ, ਛਿਣਾਂ ਵਿੱਚ ਬੀਤੇ ਜੀਵਨ,
ਹੱਥ ਪਰ ਕੁਝ ਨਾ ਆਵੇ।
ਸਭ ਕੁਝ ਹੈ ਪਰ ਕੁਝ ਵੀ ਨਹੀਂ ਹੈ-
ਇਹ ਅੱਜ ਦਾ ਇਨਸਾਨ।

ਬੁਲਬੁਲੇ ਵਿੱਚੋਂ ਨੂਰ ਵਿਖਾਵੇ,
ਤ੍ਰੇਲ 'ਚੋਂ ਜੰਮਣ, ਬਿਨਸਣ–
ਇਕ ਨੁਕਤੇ ਵਿੱਚ ਸਹਿਜ ਸਿਮਟਦਾ,
ਬ੍ਰਹਮੰਡ ਜੇਡ ਗਿਆਨ।

ਇਸ਼ਕ ਹੀ ਬੰਦਾ, ਇਸ਼ਕ ਹੀ ਔਰਤ,
ਇਸ਼ਕ ਹੀ ਮਰ, ਮੁੜ ਜੰਮਣਾ।
'ਕੁਦਰਤ' ਜੇਡੇ, ਅੰਬਰੀਂ ਝੁੱਲਦੇ,
ਇਸ਼ਕ ਦੇ ਅਮਰ ਨਿਸ਼ਾਨ!!!

***ਸ਼ਬਦ ਸੰਕੇਤ***

**ਦੀਵਾਨ** : ਸੰਗ੍ਰਹਿ, ਗ੍ਰੰਥ, ਪੁਸਤਕ, Collection
**ਉਦਾਹਰਣ** : **ਦੀਵਾਨ-ਏ-ਗ਼ਾਲਬ** : ਗ਼ਾਲਬ ਦਾ ਕਾਵਿ–ਸੰਗ੍ਰਹਿ, ਗ੍ਰੰਥ

## ਮੁਹੱਬਤ : ਮਜ਼ੇਦਾਰ ਹਾਦਸਾ

1.
ਮੁਹੱਬਤ,
ਸੋਚ 'ਚੋਂ ਨਹੀਂ,
ਅਹਿਸਾਸ 'ਚੋਂ ਪੈਦਾ ਹੁੰਦੀ ਹੈ!!!

ਮੁਹੱਬਤ,
ਉਹ ਝਰਨਾ ਹੈ,
ਜਿਸ 'ਚੋਂ ਬੱਦਲ ਨਿਕਲਕੇ,
ਉੱਡਦਾ ਹੋਇਆਂ ਵੀ, ਖਲੋ ਜਾਂਦਾ ਹੈ!

ਸੰਤ-ਰੰਗੀਆਂ ਪੀਂਘਾਂ ਦਾ ਜਾਦੂ,
ਅੰਬਰ ਛੂਹ ਜਾਂਦਾ ਹੈ!

ਸੂਰਜ,
ਆਪਣੇ ਹੀ ਬਿਖਰ ਰਹੇ ਰੰਗਾਂ ਨੂੰ ਵੇਖਕੇ,
ਦੰਗ ਹੋ ਜਾਂਦਾ ਹੈ!!!

ਅੱਖ ਨੂੰ ਛੁੰਹਦਿਆਂ ਹੀ,
ਫੁੱਲ, ਫੁੱਲ ਨਹੀਂ ਰਹਿੰਦਾ,
ਮਹਿਕ 'ਚ ਸਮੋ ਜਾਂਦਾ ਹੈ!!!

2.

ਮੁਹੱਬਤ,
ਦੋ ਵਜੂਦਾਂ ਦੇ ਟੱਕਰਾਅ 'ਚੋਂ,
ਪੈਦਾ ਹੋਇਆ ਇਕ ਅਦੁਭੁਤ ਹਾਦਸਾ ਹੈ!!!

ਹਾਦਸਿਆਂ ਦੀ ਕੋਈ ਉਮਰ ਨਹੀਂ ਹੁੰਦੀ,
ਉਨ੍ਹਾਂ ਦੀ ਭਵਿੱਖ-ਬਾਣੀ ਵੀ ਨਹੀਂ ਹੋ ਸਕਦੀ!

ਅਸਚਰਜ, ਇਹ ਕਿ,
ਬਚਣ, ਬਚਣ ਕਰਦਾ ਵੀ, ਇਨਸਾਨ,
ਟੱਕਰਾਅ ਜਾਂਦਾ ਹੈ...

ਮੁਹੱਬਤ,
ਐਸਾ ਹੀ ਹਾਦਸਾ ਹੈ,
ਜਿਸਦੇ ਇਕ ਛਿਣ 'ਚੋਂ ਹੀ,
ਮਜ਼ਾ ਆ ਜਾਂਦਾ ਹੈ!!!

## ਮੁਹੱਬਤ ਦਾ ਮਾਡਲ

ਮੁਹੱਬਤ,
ਜਜ਼ਬਾਤ ਅਤੇ ਅਹਿਸਾਸ ਦੀ
ਭਾਸ਼ਾ ਹੈ!

ਮੁਹੱਬਤ,
ਅਰਥ ਦੇ,
ਸ਼ਬਦ ਵਿੱਚ ਜਿਊਣ ਦੀ ਗਾਥਾ ਹੈ।

ਸੋਚ,
ਮਾਨਵ ਨੂੰ,
ਨਫ਼ਾ, ਨੁਕਸਾਨ ਵਿੱਚ ਪਾ ਦਿੰਦੀ ਹੈ!
ਮੁਹੱਬਤ ਨੂੰ ਵੀ,
ਇਸ ਖ਼ਪਤ-ਕਲਚਰ ਦਾ,
ਗਣਿਤ ਬਣਾ ਦਿੰਦੀ ਹੈ!

ਮੋਬਾਈਲ ਦੇ ਹਰ ਨਵੇਂ ਮਾਡਲ ਵਾਂਗ,
ਇਸ ਨੂੰ ਬਦਲਿਆ ਨਹੀਂ ਜਾ ਸਕਦਾ।

ਮੁਹੱਬਤ ਬਦਲ ਨਹੀਂ, ਅਸਲ ਹੁੰਦੀ ਹੈ!!!

ਕੰਪਾਸ ਵਾਂਗ, ਇਸਦੀ ਸੂਈ,
ਇਕ ਦਿਸ਼ਾ 'ਤੇ ਟਿਕੀ ਰਹਿੰਦੀ ਹੈ!

ਮੁਹੱਬਤ ਵਿੱਚ,
ਮੈਂ ਤੂੰ ਦੀ ਵਿੱਥ ਨਹੀਂ ਰਹਿੰਦੀ।

ਮੁਹੱਬਤ ਦਾ
ਕੇਵਲ ਇਕ ਮਾਡਲ ਹੈ:

ਤਨ, ਮਨ, ਦਿਲ, ਆਤਮਾ ਤੋਂ,
ਇਕ ਦੂਜੇ ਵਿੱਚ ਫ਼ਨਾਹ ਹੋ ਜਾਣਾ!
ਇਨਸਾਨ ਦਾ
ਈਸ਼ਵਰ, ਖ਼ੁਦਾ ਹੋ ਜਾਣਾ!!!

### *ਸ਼ਬਦ ਸੰਕੇਤ*

**ਮਾਡਲ :** Model
**ਕੰਪਾਸ :** Compass
**ਫ਼ਨਾਹ :** ਅਭੇਦ, ਇਕ ਮਿਕ

## ਅਰਥਾਂ ਦਾ ਤਾਣਾ ਬਾਣਾ

'ਹੁਣ ਦੀ ਹੁਣ' ਅਸੀਂ ਜੀਣਾ ਸਿੱਖਿਆ,
'ਅੱਜ', 'ਭਲ਼ਕ' ਦਾ ਨਹੀਂ ਜ਼ਮਾਨਾ!
ਦਹਿਸ਼ਤਗਰਦ, ਕੋਰੋਨਾ ਸਾਧਣ,
ਦੱਸੇ ਬਿਨਾ ਹੀ ਸਦਾ ਨਿਸ਼ਨਾਂ!

ਖ਼ੁਦ ਵਿੱਚ ਯੁੱਗ ਫੈਲਾ ਕੇ ਜੀਵੋ,
'ਛਿਣ, ਛਿਣ' ਯੁੱਗ ਬਣਾ ਕੇ ਜੀਵੋ!
'ਭੂਤ', 'ਭਵਿੱਖ', 'ਅੱਜ', ਇਕ ਫੈਂਟਸੀ-
'ਹੁਣ' ਸੁਫਨਾ, 'ਹੁਣ' ਸੱਚ ਬਨਾਣਾ!!!

ਦ੍ਰਿਸ਼ਟੀ ਵਿੱਚ ਦ੍ਰਿਸ਼, ਚਿੰਤਨ, ਦਰਸ਼ਨ,
ਗਿਆਨ, ਵਿਗਿਆਨ ਤੇ ਅਸਲਾ, ਉਹਲਾ-
ਆਦਿ ਵੀ 'ਨ੍ਹੇਰਾ, ਅੰਤ ਵੀ 'ਨ੍ਹੇਰਾ,
ਇਹ ਜੀਵਨ ਬੱਸ ਆਉਣਾ, ਜਾਣਾ!!!

ਅਰਥ ਵੀ ਬਣੀਏਂ, ਸ਼ਬਦ ਵੀ ਲਿਖੀਏ,
ਕਲਪਨਾ ਵਿੱਚ *ਨਸਲਾਂ ਦਾ ਗੇੜਾ!
ਫੈਲ ਗਏ ਅਸੀਂ ਕਾਲ-ਚੱਕਰ ਵਿੱਚ,
ਸਾਥੋਂ ਛੋਟਾ, ਹਰ ਜ਼ਮਾਨਾ!!!

ਸੂਰਜ, ਪਾਣੀ, ਹਵਾ ਤੇ ਧਰਤੀ,
'ਆਦਮ-ਹੱਵਾ' ਦੀ ਮਿੱਥ-ਕਥਾ ਵੀ,
ਪਿੰਡ, ਬ੍ਰਹਮੰਡ, ਮੇਰੀ ਭਾਸ਼ਾ ਵਿੱਚ ਹਨ,
ਮੈਂ ਅਰਥਾਂ ਦਾ ਤਾਣਾ ਬਾਣਾ!!!

***ਸ਼ਬਦ ਸੰਕੇਤ***

**ਨਸਲਾਂ** : ਪੀੜ੍ਹੀਆਂ, Generations

## ਸਮਾਂ ਤੇ ਸਵੇਰ

ਕਵਿਤਾ, ਉਪਰਾਮ ਮਨ ਦੀ ਉਤਪਤੀ,
ਸੁਹਜ, ਕੁਹਜ ਦੀ ਚੇਤਨਾ!!!

ਜ਼ਿੰਦਗੀ ਨੇ ਫੇਰ ਅੱਜ,
ਅਰਥ ਰਿੜਕੇ ਹਨ,
ਤੱਥਾਂ 'ਚੋਂ ਸੱਚ ਸਿਰਜੇ ਹਨ-
ਸ਼ਬਦਾਂ ਨੂੰ ਦਰਦ ਦੀ
ਸ਼ੈਲੀ ਪਰੋਇਆ ਹੈ।
ਮੇਰੇ ਰਸਿਕ ਮਨ 'ਤੇ ਫਿਰ
ਨਵੇਂ ਬਿੰਬਾਂ, ਨਵੇਂ ਚਿੰਨ੍ਹਾਂ ਦਾ ਇਹ
ਪ੍ਰਕਾਸ਼ ਹੋਇਆ ਹੈ!!!

ਜੋ ਪ੍ਰਾਪਤ ਹੋ ਹੀ ਨਾ ਸਕੇ,
ਨਜ਼ਰ ਦੇ ਨਾਲ ਰਹੇ ਵੱਸਦਾ,
ਕਿਨਾਰਾ ਹੈ!
ਜੋ ਟੁੱਟ ਜਾਏ, ਰਹੱਸ ਪਾਏ, ਤਲਬ ਲਾਏ,
ਸਿਤਾਰਾ ਹੈ!

ਜੋ ਅੱਖਾਂ ਮੁੰਦ ਕੇ ਦਿੱਸੇ,
ਨਜ਼ਰ ਦੇ ਨਾਲ ਖਿੰਡ ਜਾਵੇ,
ਨਜ਼ਾਰਾ ਹੈ।

ਜੋ ਫਿਰ ਜਾਏ, ਤਾਰ ਵੱਤ ਤਨ ਮਨ,
ਇਸ਼ਾਰਾ ਹੈ!

ਅਨਾਪੇ ਦੀ ਚੇਤਨਾ ਹੀ, ਤਾਂ
ਆਪੇ ਦਾ ਅਹਿਸਾਸ ਹੈ!
ਜੋ ਲੱਗੀ ਰਹੇ ਲਗਾਤਾਰ ਜਿੰਦ ਨੂੰ, ਨਾ ਬੁਝੇ,
ਪਿਆਸ ਹੈ!

ਜੋ ਤੋਰੇ ਜਿੰਦ ਨੂੰ, ਕਦੇ ਸੰਤੁਸ਼ਟ ਨਾ ਹੋਵੇ,
ਨਾ ਰੁਕੇ, ਨਾ ਰੁਕਣ ਦੇਵੇ,
ਉਹ ਆਸ ਹੈ!

ਜੋ ਖੋਹ ਜਿਹੀ ਲਾਵੇ,
ਸੁਆਵੇ ਨਾ ਜਗਾਵੇ, ਪਰਵਾਸ ਹੈ!!!

ਮਗਰਮੱਛ ਦੇ ਜੁਬਾੜੇ 'ਚੋਂ,
ਨਿਰੀ ਸੰਘਰਸ਼-ਮੁਸਕਣ ਬਣ,
ਹਲਕ ਹੇਠਾਂ ਉੱਤਰ ਜਾਣਾ,
ਨਵਾਂ ਜੀਵਨ!!!

ਮੇਰੇ ਮਹਿਬੂਬ,
ਤੇਰੀ ਯਾਦ ਆਈ ਹੈ-
ਸਮਿਆਂ ਵਿੱਚ ਸਵੇਰਾਂ ਦਾ,
ਨਵਾਂ ਵਿਸ਼ਵਾਸ ਹੋਇਆ ਹੈ!!!

## ਸਾਡਾ ਸ਼ੀਸ਼ਾ, ਸਾਡਾ ਸਮਾਂ

ਆਪਣਾ ਬੀਜ, ਬੀਜ ਕੇ
ਸਿਰਜਕ ਬਣੀਏਂ।

ਪੀੜ੍ਹੀਏਂ ਜੰਮੀਏਂ,
ਪੀੜ੍ਹੀਆਂ ਜਣੀਏਂ।

ਏਸ ਬੀਜ ਦਾ ਵੀ ਤਾਂ ਕੋਈ
ਹੋਰ ਬੀਜ ਸੀ।

ਆਦਿ-ਕਾਲ ਤੋਂ ਚੱਲ ਰਹੀ,
ਇਹ ਬੀਜ-ਕਥਾ।

ਧਰਤੀ, ਅੰਬਰ, ਪੌਣਾ, ਪਾਣੀ,
ਬੇ-ਬੀਜ ਹਨ...

ਬੇ-ਬੀਜ ਤੇ ਬੀਜ 'ਚ ਤੁਰ ਰਹੀ,
ਜੀਵਨ ਦੀ ਅਕੱਥ ਕਹਾਣੀ!!!!

ਸਾਡੀ ਸੋਚ ਨੇ ਪੈਦਾ ਕੀਤੇ,
ਹੋਰ ਆਕਾਰ:

ਆਦਮ, ਈਸ਼ਵਰ, ਮਾਈ ਹੱਵਾ,
ਤੇ ਕੱਥ ਮਿੱਥ,
ਦੇਵੀ ਦੇਵਤਿਆਂ ਦੀ ਦੁਨੀਆ,
ਪਰੀਆਂ, ਪਰੀ-ਕਥਾ...
ਤੇ ਫੈਂਟਸੀ,
ਕਲਪਨਾ ਦਾ ਸੰਸਾਰ!!!

ਨਾਨਕ, ਬੁੱਧ, ਮਾਰਕਸ, ਸਾਰਤ,
ਫ਼ਰਾਇਡ, ਕਾਮੂੰ, ਕਾਫ਼ਕਾ, ਐਲੀਅਟ,
ਮੰਟੋ, ਚੈਖਵ ਵੀ ਤਾਂ ਵੇਖੋ,

ਧਰਤੀ, ਪੌਣ ਤੇ ਪਾਣੀ ਵਾਂਗੂੰ,
ਮੱਲ ਬੈਠੇ ਸਾਡਾ ਅਸਮਾਨ!!!

ਲੱਭਾ ਕੀ? ਈਜਾਦ ਕੀ ਕੀਤਾ?
ਸ਼ਬਦ-ਕਲਾ ਦਾ ਕੀਤਾ ਕੋਈ ਕਮਾਲ?

ਭੀੜਾਂ ਤੋਂ ਵੱਖ ਹੋ ਕੇ ਬਣਿਆਂ
ਏਕਾ ਕੌਣ?

ਚੇਤੰਨ ਮਾਨਵ ਸੌਹੇਂ ਖੜੋਤੇ,
ਮੁੱਢਲੇ ਇਹ ਸਵਾਲ???

ਇਤਿਹਾਸ ਸਿਰਜਦੇ,
ਸਾਡੇ ਐਸੇ ਨਾਮ ਅਨੇਕ!!!

ਆਪਣਾ ਅੰਬਰ,
ਆਪਣੀ ਧਰਤੀ, ਪੌਣ ਤੇ ਪਾਣੀ...
ਸਾਧਾਰਨ ਤੋਂ ਉੱਚਿਆਂ ਉੱਠਦੀ,
ਬਣੇ ਵਿਲੱਖਣ,
ਸਿਰਜਕ ਬਣਨ ਦੀ ਅਮਰ ਕਹਾਣੀ!!!

ਸਵਾਲ ਤਾਂ ਇਹ, ਕਿ
ਬੀ, ਬੇ-ਬੀ ਦੀ ਵਿਥਿਆ ਅੰਦਰ,
ਸ਼ੂਨਯ ਅਤੇ ਅਸ਼ੂਨਯ-ਕਥਾ ਵਿੱਚ,
ਤੁਸੀਂ ਵਿਲੱਖਣ ਕੀ ਲਿਖਿਆ ਹੈ?
ਕੀ ਕੀਤਾ ਹੈ?

ਸ਼ਬਦੀਂ ਢਲ ਕੇ ਚੇਤਨਾ, ਚਿੰਤਨ,
ਬੀ ਤੋਂ ਬੇ-ਬੀ ਹੋ ਜਾਂਦੇ ਨੇ!
ਸਭ ਸਮਿਆਂ ਵਿੱਚ ਤੁਰਦੇ ਰਹਿੰਦੇ,
ਸਮਾਂ ਹੀ ਬਣਦੇ....
ਸਮੀਆਂ ਵਿੱਚ ਸਮੋ ਜਾਂਦੇ ਨੇ!!!

***ਸ਼ਬਦ ਸੰਕੇਤ***

**ਆਦਮ, ਮਾਈ ਹੱਵਾ** : Adam and Eve
**ਲੱਭਾ** : Discover
**ਈਜਾਦ**: Invent
**ਬੇ-ਬੀ** : ਬੀਜ-ਰਹਿਤ, Seedless

## ਖ਼੍ਵਾਬ ਤੋਂ ਖ਼੍ਵਾਬ ਤੱਕ

ਦੁਮੇਲ...

ਸੁਰਾਬ...

ਕੁਦਰਤ ਦੇ ਵਿਖਾਏ ਭਰਮ ਹਨ!!!

ਕੁਝ ਭਰਮ,
ਇਨਸਾਨ ਨੇ ਆਪ ਵੀ ਬਣਾਏ ਹਨਃ

ਇਨਕਲਾਬ...

ਇਕ ਨਾਅਰਾ ਹੈ,
ਇਕ ਸੁਫਨਾ ਹੈ...
ਜੁ ਸਭ ਨੂੰ ਵਿਖਾਇਆ ਜਾਂਦਾ ਹੈ।

ਇਸ ਨੂੰ ਲਿਆਉਣ ਲਈ,
ਅਨੇਕਾਂ ਇਨਸਾਨ,
ਮਰਨ ਮਾਰਨ ਦੀ ਖੇਡ, ਖੇਡਦੇ ਹਨ...

ਪਰ ਪੂਰਨ ਰੂਪ ਵਿੱਚ,
ਆਉਂਦਾ ਇਹ ਫਿਰ ਵੀ ਨਹੀਂ!

ਰੂਸ ਤੇ ਚੀਨ ਦੇ ਦੋਗਲੇ,
ਅੱਧੇ ਅਧੂਰੇ ਇਨਕਲਾਬ ਨੂੰ ਹੀ ਦੇਖ ਲਓ!!!

ਕੀ ਖੱਟਿਆ?
ਤੇ ਕੀ ਗੁਆਇਆ?

ਇਨਸਾਨ ਦੇ ਬਣਾਏ ਭਰਮਾਂ ਦੀ,
ਸੂਚੀ ਬੜੀ ਲੰਮੀ ਹੈਃ

ਦੇਵੀਆਂ, ਦੇਵਤੇ,
ਭਗਵਾਨ, ਸ਼ੈਤਾਨ,
ਆਦਮ, ਹੱਵਾ,
ਕੱਥ, ਮਿੱਥ,
ਨਰਕ, ਸਵਰਗ,

ਪਰੀਆਂ
ਪਰੀ-ਕਹਾਣੀਆਂ,
ਫੈਂਟਸੀ, ਸੁਫਨੇ,
ਸਿਆਸਤੀ ਵਾਅਦੇ...

ਭਰਮ ਹੀ ਭਰਮ ਹਨ,
ਦੁਮੇਲ ਤੋਂ ਦੁਮੇਲ ਵਾਂਗ...

ਭਰਮ ਕੇਵਲ ਭਰਮ ਹੈ,
ਇਸ ਨੂੰ ਸਿਰਜਿਆ ਜਾ ਸਕਦਾ ਹੈ,

ਪਰ ਇਸ ਤੱਕ ਪਹੁੰਚਿਆ ਨਹੀਂ !!!

ਯੁੱਗਾਂ ਦੇ ਯੁੱਗ ਬੀਤ ਗਏ ਹਨ...

ਲਗਾਤਾਰ....
ਪੀੜ੍ਹੀਆਂ ਦੀਆਂ ਪੀੜ੍ਹੀਆਂ ਖਪ ਰਹੀਆਂ ਹਨ...
ਦੁਮੇਲ ਤੋਂ ਸੁਰਾਬ ਤੱਕ...
ਖ਼੍ਵਾਬ ਤੋਂ ਖ਼੍ਵਾਬ ਤੱਕ...

***ਸ਼ਬਦ ਸੰਕੇਤ***

**ਖ਼੍ਵਾਬ** : ਸੁਫਨਾ, Dream
**ਦੁਮੇਲ** : ਖਿਤਿਜ, ਦਿਸਹੱਦਾ, Horizon
**ਸੁਰਾਬ** : ਮ੍ਰਿਗਜਲੀ, Mirage

## ਜ਼ਿੰਦਗੀ ਮੌਤ ਦੇ ਨਾਲ ਨਾਲ

ਆਓ,
ਜ਼ਿੰਦਗੀ ਵਾਂਗ ਹੀ,
ਮੌਤ ਨੂੰ ਵੀ ਜੀ ਆਇਆਂ ਆਖੀਏ!
ਇਹ ਜਦੋਂ ਆਉਣਾ ਚਾਹੁੰਦੀ ਹੈ,
ਆਉਣ ਦਿਓ...
ਤੁਸੀਂ ਇਸਦੇ ਭੈ ਹੇਠ,
ਪਹਿਲਾਂ ਹੀ ਮਰਨਾ ਸ਼ੁਰੂ ਨਾ ਕਰੋ!

ਜ਼ਿੰਦਗੀ ਨੂੰ ਮਾਨਣ ਵਾਲੇ,
ਸਦਾ ਹੀ ਮੌਤ ਤੋਂ ਪਾਰ ਵੇਖਦੇ ਹਨ,
ਜਿੱਥੇ ਨਦੀਆਂ ਸਦਾ ਹੀ ਵਗਦੀਆਂ ਰਹਿੰਦੀਆਂ ਹਨ!
ਪੌਣਾਂ ਵਿੱਚ ਬੱਦਲ ਵੀ ਰਹਿੰਦੇ ਹਨ ਤੇ ਸੱਤਰੰਗੀਆਂ ਵੀ!

ਦਰਿਆ ਤੇ ਸਾਗਰ ਦੀ ਯਾਰੀ ਵੀ ਕਾਇਮ ਰਹਿੰਦੀ ਹੈ!
ਧਰਤੀ ਤੇ ਆਸਮਾਨ ਮਿਲਦੇ,
ਪਿਆਰ ਦਾ ਸੱਚ ਵਰਗਾ ਭਰਮ,
ਬਣਾਈ ਰੱਖਦੇ ਹਨ!!

ਕੰਪਿਊਟਰ, ਤੇ ਸਮਾਰਟ ਫ਼ੋਨ ਵਿੱਚ,
ਸ੍ਰਿਸ਼ਟੀ ਤੇ ਜ਼ਿੰਦਗੀ ਦਾ ਸਾਰਾ ਸਰਮਾਇਆ,
ਸਾਂਭਿਆ ਰਹਿੰਦਾ ਹੈ-

ਸੂਰਜ ਚੜ੍ਹਦਾ ਤੇ ਧਰਤੀ ਵਿੱਚ ਬੀਆਂ ਨੂੰ,
ਜਨਮ ਦੀ ਜਾਗ ਲਗਾਈ ਰੱਖਦਾ ਹੈ!

ਰੁੱਖਾਂ ਵਾਂਗ, ਮਨੁੱਖ ਵੀ,
ਨਸਲ ਬਦਲਦੇ ਰਹਿੰਦੇ ਹਨ:
ਪੋਤਾ, ਪੋਤੀ, ਦੋਹਤਾ, ਦੂਹਤੀ ਬਣ ਕੇ,

ਬੀਜ ਕਦੇ ਵੀ ਨਹੀਂ ਮਰਦਾ।
ਇਹ ਪੀਹੜੀਆਂ ਵਿੱਚ ਨਿਰੰਤਰ ਘੁੰਮਦਾ ਰਹਿੰਦਾ ਹੈ।

ਮੌਤ ਨਾਲ ਬੀਜ ਦਾ ਸੱਚ ਵੀ ਵੇਖ
ਤੇ ਮੁੜ ਜਿਊਂਣਾ ਸ਼ੁਰੂ ਕਰ!

ਜ਼ਿੰਦਗੀ ਕੋਈ ਇਕ ਨਾਮ ਨਹੀਂ:
'ੳ ਸਿੰਘ', ਜਾਂ 'ੲ ਕੌਰ'...
ਇਹ ਇਕ ਧਾਰਾ ਦਾ ਨਾਮ ਹੈ,
ਮੌਤ ਵੀ ਇਕ ਧਾਰਾ ਹੀ ਹੈ-
ਸਮਾਨੰਤਰ ਚੱਲਦੀਆਂ ਹਨ ਦੋਵੇਂ,
ਪਿੰਡ ਨੂੰ ਪਛਾਣਦੀਆਂ,
ਬ੍ਰਹਮੰਡ ਨੂੰ ਛਾਣਦੀਆਂ!

ਹਰ ਪਲ ਦੇ ਵਿੱਚ ਭਿੱਜਕੇ ਜੀਣਾ ਸਿੱਖ,
ਜ਼ਿੰਦਗੀ ਨੂੰ ਮੁਲਤਵੀ ਨਾ ਕਰੋ!!!

***ਸ਼ਬਦ ਸੰਕੇਤ***

**ਮੁਲਤਵੀ** : ਅੱਗੇ ਪਾਉਣਾ, Postpone

## ਰਚਨਾ ਬਨਾਮ * ਫਹਿਰਿਸਤਕਾਰੀ

ਸੋਚ, ਸੋਚ, ਲਿਖਦੇ ਹਾਂ...

ਇਸ ਲਈ,
ਬਹੁਤੀਆਂ ਲਿਖਤਾਂ,
*ਫਹਿਰਿਸਤਕਾਰੀ ਬਣ ਜਾਂਦੀਆਂ ਹਨ,
ਰਚਨਾ ਨਹੀਂ ਬਣਦੀਆਂ!!!

ਰਚਨਾ :
ਜੰਗਲ਼ ਦੀ ਅੱਗ

ਸੁਨਾਮੀਂ

ਤੇਜ਼ ਤੂਫ਼ਾਨੀ ਵਰੋਲਾ

ਪੂਰਨ ਚੁੱਪ

ਰੌਲਾ ਗੌਲਾ

ਬਣਕੇ...

ਪਲ ਛਿਣ ਵਿੱਚ,

ਘੱਟ ਜਾਂਦੀ ਹੈ,

ਤਨ, ਮਨ, ਦਿਲ, ਦਿਮਾਗ਼ 'ਤੇ!!!

ਟੁੱਟਦਾ ਤਾਰਾ...

ਲੰਮੀਂ ਲੀਕ ਦੇ ਸਿਰੇ ’ਤੇ,
ਸਹਿਜ ’ਭਾ,
ਫੁੱਲ ਬਣਕੇ ਖਿੜ ਪੈਂਦਾ ਹੈ...

ਰਚਨਾ ’ਚ,
ਰਚਨਾ ਦਾ ਜਨਣਹਾਰ,
ਜਿਉਂ ਦਾ ਤਿਉਂ ਰਹਿੰਦਾ ਹੈ!!!

## ਆਪਣੇ 84ਵੇਂ ਜਨਮ-ਦਿਨ ’ਤੇ

ਛਿਣ ਛਿਣ ਕਰ ਕੇ,
ਸਾਲਾਂ ਦੇ ਵਿੱਚ,
ਸਾਰਾ ਜੀਵਨ ਖਪ ਗਿਆ!

ਵੇਖੋ ਕਿੰਜ ਚੁਰਾਸੀ ਕੱਟ,
ਚੁਰਾਸੀ ਟੱਪ ਗਿਆ!!!

## ਚਾਬੀਆਂ ਵਾਲੀ ਪਤਨੀ :
## ਇਕ ਕਾਵਿ-ਕਥਾ : A Tale of Spouse Swap

ਇਹ ਧਨੀਆਂ ਦੀ ਮਹਿਫਿਲ ਹੈ!

ਧਨ ਤੋਂ ਬਿਨਾ, ਇਹ
ਹਰ ਸ਼ੈ, ਹਰ ਜਨ ਤੋਂ,
ਅੱਕੇ ਹੋਏ ਹਨ!

ਆਪਣੀ ਪਤਨੀ ਲਈ,
ਹਰ ਰਾਤ ਥੱਕੇ ਹੋਏ ਹਨ!

ਮਹਿਫਿਲ ਵਿੱਚ,
ਮੇਜ਼ 'ਤੇ ਪਏ ਬਰਤਨ ਵਿੱਚ,
ਮਰਦ, ਧੜਾ ਧੜ
ਆਪਣੀਆਂ ਚਾਬੀਆਂ ਸੁੱਟਦੇ ਹਨ।

ਹਰ ਪਤਨੀ,
ਅੱਖਾਂ 'ਤੇ ਪੱਟੀ ਬੰਨ੍ਹੀਂ,
ਬਰਤਨ 'ਚੋਂ, ਲਾਟਰੀ ਵਾਂਗ,
ਚਾਬੀ ਚੁੱਕਦੀ ਹੈ!

ਚਾਬੀ, ਜਿਸ ਮਰਦ ਦੀ ਹੈ,
ਰਾਤ ਭਰ ਲਈ, ਔਰਤ,
ਉਸ ਮਰਦ ਨਾਲ,
ਨਵ-ਵਿਆਹੀ ਬਣ ਢੁੱਕਦੀ ਹੈ!!!

ਲਾਟਰੀ ਵਾਂਗ,
ਮਰਦ ਲਈ, ਪਤਨੀ ਬਦਲਦੀ ਰਹਿੰਦੀ ਹੈ!

ਪਤਨੀ ਵੀ ਹਰ ਨਵੀਂ ਰਾਤ,
ਨਵੀਂ ਸੁਹਾਗਣ ਬਣ ਬਣ ਬਹਿੰਦੀ ਹੈ!!!

ਚਾਬੀਆਂ ਵਾਲੇ ਇਸ ਪਰਵਾਰ ਦਾ,
ਆਪਣਾ ਹੀ ਵਿਹਾਰ, ਸਦਾਚਾਰ ਹੈ!!!

ਇਹ ਵੀ ਇਕ ਸਮੀਕਰਨ ਹੈ:

ਰਿਸ਼ਤਿਆਂ ਦੀ ਪੀਡੀ ਗੰਢ ਹੇਠ,
ਵਿਅਕਤੀਗਤ ਵਰਤਮਾਨ ਦਾ,
ਲਗਾਤਾਰ ਬਦਲਦੇ ਰਹਿਣਾ!!!

## ਕਿੱਸਾ ਮਸ਼ੀਨੀ ਯੁੱਗ ਦੇ ਰਾਂਝੇ ਤੇ ਹੀਰ ਦਾ

–ਪੱਛਮੀ ਜਗਤ ਦੀਆਂ ਮਸ਼ੀਨੀ ਹਕੀਕਤਾਂ ਦੇ ਪ੍ਰਸੰਗ ਵਿੱਚ–

1
ਵਿਗਿਆਨ ਨੇ ਮਨੁੱਖ ਨੂੰ,
ਧਰਤੀ ਤੋਂ, ਅਸਮਾਨ ਪੁਚਾ ਦਿੱਤਾ!

ਚੰਦ, ਮੰਗਲ ਤੇ ਸਮੂਹ
ਬ੍ਰਹਮੰਡ ਦਾ ਭੇਦ ਸਮਝਾ ਦਿੱਤਾ।

ਸਮਾਰਟ ਫ਼ੋਨ ਦੀ ਸਕਰੀਨ 'ਚੋਂ ਹੀ,
ਕੀ ਦਾ ਕੀ ਵਿਖਾ ਦਿੱਤਾ!!!
ਸਭ ਗਿਆਨ, ਵਿਗਿਆਨ,
ਉਸ ਦੀ ਝੋਲੀ 'ਚ ਪਾ ਦਿੱਤਾ!!!

ਉਸ ਨੂੰ ਇਕ ਤੁਰਦਾ ਫਿਰਦਾ,
ਐਨਸਈਕਲੋਪੀਡੀਆ ਬਣਾ ਦਿੱਤਾ!!!

ਸਭ ਰਿਸ਼ਤਿਆਂ ਤੋਂ ਆਜ਼ਾਦ,
ਆਤਮ–ਨਿਰਭਰ ਬਣਾ ਦਿੱਤਾ!!!

2.

ਇਲੈਕਟਰੌਨਿਕ ਸੁਵਿਧਾ ਨੇ ਉਸਨੂੰ
ਇਕ ਮਸ਼ੀਨੀ ਪਤਨੀ ਵੀ ਦਿੱਤੀ!
ਛਿਣ, ਛਿਣ ਦੀ ਪ੍ਰੇਮਿਕਾ ਵਰਗੀ!!!

ਇਸ ਨੂੰ ਮਨੁੱਖ,
ਮਸ਼ੀਨੀ ਪਤਨੀਆਂ ਦੀ ਦੁਕਾਨ ਤੋਂ,

ਵੇਖ, ਪਰਖ, ਠੋਕ ਵਜਾ ਕੇ,
ਲਿਆਇਆ ਹੈ-
ਰੀਮੋਟ ਕੰਟਰੋਲ 'ਤੇ,
ਇਸ ਦਾ ਬਟਨ ਦਬਾਇਆਂ ਹੀ,
ਇਹ ਫੁੱਲ ਕੇ,
ਉਸ ਦੇ ਨਾਲ ਖਲੋ ਜਾਂਦੀ ਤੇ
ਬਿਸਤਰ ਵਿੱਚ ਨਿੱਘ ਵੀ ਦਿੰਦੀ ਹੈ!!!

ਬਟਨ ਦਬਾਇਆਂ,
ਇਸਦੀਆਂ ਅੱਖਾਂ ਫਰਕਦੀਆਂ,
ਛਾਤੀਆਂ ਹਿੱਲਦੀਆਂ,
ਬਾਹਾਂ ਦੀ ਗਲ਼ਵੱਕੜੀ ਬਣ ਜਾਂਦੀ ਹੈ...
ਤੇ ਮਨੁੱਖ ਦੀ
ਸਗਲੀ ਦੀ ਸਗਲੀ ਹੋਂਦ,
ਇਸ ਵਿੱਚ ਸਮਾ ਜਾਂਦੀ ਹੈ!!!

ਇਸ ਨਾਲ ਹਮਬਿਸਤਰੀ ਲਈ,
ਪਰਵਾਰ ਨਿਯੋਜਨ ਦੀ ਲੋੜ ਨਹੀਂ!!!
ਇਹ ਕਾਮ-ਰੋਗਾਂ ਤੋਂ ਮੁਕਤ, ਮਹਿਫ਼ੂਜ਼ ਹੈ।

ਵਰਤੋਂ ਤੋਂ ਬਾਅਦ,
ਇਸਦੀ ਤਹਿ ਲੱਗ ਜਾਂਦੀ ਹੈ,
ਸਟੋਰ ਕਰਨ ਲਈ।

ਸਭ ਤਕਨਾਲੋਜੀ ਦਾ ਕਮਾਲ ਹੈ!!!

3.

ਰਿਸ਼ਤਿਆਂ ਤੋਂ ਮੁਕਤ ਬੰਦਾ ਵੀ,
ਮਸ਼ੀਨਾਂ ਵਿੱਚ ਇਕ ਹੋਰ ਮਸ਼ੀਨ ਬਣ ਜਾਂਦਾ ਹੈ।

ਆਪ ਹੀ ਆਪਣਾ ਅਸਮਾਨ ਬਣਦਾ,
ਤਣ ਜਾਂਦਾ ਹੈ!!!

ਇਹ ਮਸ਼ੀਨੀ ਮਨੁੱਖ,
ਇਸ ਯੁੱਗ ਦੀ ਹਕੀਕਤ,
ਖ਼ੁਦ ਜੀ,
ਸਭ ਨੂੰ ਸਮਝਾ ਰਿਹਾ ਹੈ :

"ਕਾਮ-ਦੂਕਾਨ ਤੋਂ,
ਔਰਤਾਂ ਦੀ ਪੂਰਨ ਆਜ਼ਾਦੀ ਲਈ,
ਭਾਂਤ ਭਾਂਤ ਦੇ ਕਾਮ-ਖਿਡੌਣੇ ਵੀ ਮਿਲ ਜਾਂਦੇ ਹਨ!"

ਮਸ਼ੀਨੀ ਮਹਿਕ ਵਿੱਚ,
ਮਸਨੂਈ ਫੁੱਲ ਖਿਲ ਜਾਂਦੇ ਹਨ!
ਕੁਝ ਦਾਮਨ ਫਟ, ਕੁਝ ਸਿਲ ਜਾਂਦੇ ਹਨ!!!

ਇਸ ਕਿੱਸੇ ਵਿੱਚ,
ਹੀਰ, ਰਾਂਝੇ ਤੋਂ ਜੁਦਾ ਨਹੀਂ ਹੁੰਦੀ...

ਜੇ ਫਟ, ਵਿਗੜ ਜਾਵੇ, ਤਾਂ
ਬਦਲ ਦਿੱਤੀ ਜਾਂਦੀ ਹੈ!!!

***ਸ਼ਬਦ ਸੰਕੇਤ***

**ਸਮਾਰਟ ਫ਼ੋਨ** : Smart Phone
**ਐਨਸਾਈਕਲੋਪੀਡੀਆ** : Encyclopedia
**ਇਲੈਕਟਰੌਨਿਕ** : Electronic
**ਰੀਮੋਟ ਕੰਟਰੋਲ** : Remote Control, ਕਾਮ-ਦੁਕਾਨ : Sex Shop
**ਕਾਮ-ਖਿਡੌਣੇ** : Sex Toys ਮਸਨੂਈ : Artificial

## ਸਿਫ਼ਰ ਦਾ ਸਿੱਕਾ

ਮੈਂ ਤੇ ਸਿਫ਼ਰਾ ਦੋ ਜਣੇ,
ਰੱਬ ਤੇ ਏਕਾ ਕੱਲ!
ਕੁਦਰਤ ਦੇ ਕਾਦਰ ਨੂੰ ਲੱਭਦੇ,
ਸਿਆਣੇ ਹੋ ਗਏ ਝੱਲੇ!

ਹੀਰਾਂ ਰਾਂਝੇ, ਮਿਰਜ਼ਾ ਸਾਹਿਬਾਂ,
ਮੇਰੇ ਅੰਦਰ ਵਾਰਸ, ਪੀਲੂ
ਇਸ਼ਕ, ਹੁਸਨ ਦੇ ਭਰਮ ਰੁੜ੍ਹ ਗਏ,
ਕੁਝ ਨਾ ਬਚਿਆ ਪੱਲੇ।

ਮੇਰਾ ਮੇਰਾ ਕਰਦਿਆਂ ਆਪਾਂ,
ਤੇਰਾ ਵੀ ਗੰਵਾਇਆ!
ਚੜ੍ਹੀ ਸੁਨਾਮੀਂ, ਪੌਣਾ ਸ਼ੂਕਣ,
ਸਿਫ਼ਰ ਮੇਰੇ ਨਾਲ ਚੱਲੇ!!!

ਪੱਤੀ, ਪੱਤੀ ਮਹਿਕਾਂ ਝੜੀਆਂ,
ਫੁੱਲਾਂ ਨੂੰ ਜਦ ਹੋਂਠ ਛੁਹਾਏ-
ਰੱਬ ਦਾ ਸਿੱਕਾ ਖੋਟਾ ਹੋਇਆ,
ਸਿਫ਼ਰ ਦਾ ਸਿੱਕਾ ਚੱਲੇ!!!

### *ਸ਼ਬਦ ਸੰਕੇਤ*

**ਵਾਰਸ** : ਵਾਰਸ ਸ਼ਾਹ, ਹੀਰ ਰਾਂਝੇ ਦੇ ਕਿੱਸੇ ਦਾ ਲੇਖਕ
**ਪੀਲੂ** : ਮਿਰਜ਼ਾ ਸਾਹਿਬਾਂ ਦੇ ਕਿੱਸੇ ਦਾ ਲੇਖਕ

## ਮਹਾਂ ਭਾਰਤ ਦੀ ਕਹਾਣੀ

ਕ੍ਰਿਸ਼ਨ ਦਾ ਅਰਜੁਨ 'ਚ
ਜੋਤ ਬਣ ਕੇ ਜਗਣਾ ਹੀ,
ਉਹਦੀ ਜਿੱਤ ਦੀ ਨਿਸ਼ਾਨੀ ਸੀ!

ਇਹ ਜੋਤ,
ਸੂਰਜ ਦੀ ਸ਼ੁਆ ਸੀ,
ਇਹ ਅੱਗ ਦਾ ਤਾਅ ਸੀ,
ਦਿਸ਼ਾ ਸੀ, ਅਦਾ ਸੀ!!!

ਦਰਸ਼ਨ, ਦ੍ਰਿਸ਼ਟੀ ਤੇ ਕਰਮ ਦੀ ਏਕਤਾ ਹੀ,
ਮਹਾਂ ਭਾਰਤ ਦੀ ਕਹਾਣੀ ਸੀ!!!

## ਪੰਛੀ, ਪਿੰਜਰਾ ਤੇ ਅਸਮਾਨ

ਇਸ਼ਕ ਕੁਦਰਤੀ ਹੱਕ ਹੈ,
ਕੋਈ ਹਿਮਾਕਤ ਨਹੀਂ।
ਪਿਆਰ ਤੇ ਕਾਮ ਦਾ ਰਿਸ਼ਤਾ?
ਕੋਈ ਰੁਕਾਵਟ ਨਹੀਂ!!!

ਫੁੱਲ : ਫ਼ਿਜ਼ਾ ਵਿੱਚ ਮਹਿਕ,
ਦਰਿਆ ਦਾ ਵਹਿਣ,
ਸਾਗਰ, ਪਰਬਤ ਨੂੰ ਜੋੜੇ,
ਕੋਈ ਅਦਾਵਤ ਨਹੀਂ!

ਲੈਪਟਾਪ ਤੇ ਸਮਾਰਟ ਫ਼ੋਨ,
ਜੀਵਨ-ਸ਼ੈਲੀ ਬਣੇ,
ਧੁਨ ਵਿੱਚ ਧੁਨ, ਮਨ-
ਕੋਈ ਬਣਾਵਟ ਨਹੀਂ!

ਸਮੇਂ ਨੇ ਫ਼ਾਸਲੇ ਮੇਟੇ,
ਮੰਗਲ, ਚੰਦ ਪਹੁੰਚ ਅੰਦਰ,
ਕੁੜੀ, ਮੁੰਡੇ ਦਾ ਮੇਲ???
ਕਿਉਂ ਸਵਾਗਤ ਨਹੀਂ???

ਜ਼ਿੰਦਗੀ ਪੌਣ ਵਰਗੀ ਹੈ,
ਕਿਸੇ ਬੰਦਿਸ਼ 'ਚ ਨਾ ਬੱਝੇ-
ਝੱਟ ਮਿਲੇ, ਪਟ ਬਾਲ,
ਇਖਲਾਕੀ ਗਿਰਾਵਟ ਨਹੀਂ!
ਸਮਾਂ ਬਦਲੇ, ਤਾਂ ਬਦਲਣ
ਰਾਹ ਜੀਵਨ ਦੇ-
ਬਦਲੀ ਸੱਚ ਹਰ ਯੁੱਗ ਦਾ,
ਨਿਰੀ ਲਿਖਾਵਟ ਨਹੀਂ।

ਮੰਗਣੀ ਦੀ ਬੰਦਸ਼ ਕਿਉਂ?
ਕਿਉਂ ਲਾਇਸੰਸ ਸ਼ਾਦੀ ਦਾ?
ਪੰਛੀ ਲੋਚਦਾ ਅਸਮਾਨ,
ਪਿੰਜਰੇ ਦੀ ਹਿਫ਼ਾਜ਼ਤ ਨਹੀਂ!!!

***ਸ਼ਬਦ ਸੰਕੇਤ***

**ਬਾਲ** : ਬੱਚਾ, Baby

## ਮਛਲੀ, ਇੱਛਾ ਤੇ ਸੂਰਜ : ਇਕ ਪ੍ਰਭਾਵ-ਸਕੇਪ

ਇਕ ਮਛਲੀ,
ਪਾਣੀ 'ਚੋਂ ਉਛਲੀ,

ਪਾਣੀ ਤੋਂ,
ਜੁਦਾ ਹੋ ਗਈ!

ਇਕ ਇੱਛਾ,

ਵੇਖਦਿਆਂ, ਵੇਖਦਿਆਂ-

ਹਵਾ 'ਚ,
ਹਵਾ ਹੋ ਗਈ!!!

ਸੂਰਜ ਥਿਰ,

ਵੇਖ ਰਿਹਾ:
ਅਸਥਿਰ ਜੀਵਨ ਦੇ ਨਜ਼ਾਰੇ!!!

## ਸ਼ੀਸ਼ਾ, ਚਿਹਰਾ ਤੇ ਮੁਹੱਬਤ

ਜੇ ਅਸੀਂ ਚਾਹੀਏ ਵੀ,
ਤਾਂ ਸਾਡੀਆਂ ਅੱਖਾਂ,
ਸਾਡਾ ਪੂਰਾ ਚਿਹਰਾ,
ਨਹੀਂ ਵੇਖ ਸਕਦੀਆਂ!

ਜ਼ੋਰ ਲਗਾ ਕੇ,
ਅੱਖਾਂ ਵਿੰਗੀਆਂ, ਟੇਢੀਆਂ ਕਰ ਕੇ,
ਜੇ ਯਤਨ ਵੀ ਕਰੀਏ,
ਤਾਂ ਭਾਗਸਮ ਰੂਪ ਵਿੱਚ ਹੀ,
ਆਪਣੇ ਚਿਹਰੇ ਦੇ ਕੁਝ ਹਿੱਸੇ,
ਜ਼ਰੂਰ ਵੇਖੇ ਜਾ ਸਕਦੇ ਹਨ,
ਪਰ ਪੂਰਾ ਚਿਹਰਾ ਨਹੀਂ!

ਪੂਰਾ ਚਿਹਰਾ ਵੇਖਣ ਲਈ,
ਸ਼ੀਸ਼ੇ ਦੀ ਲੋੜ ਹੈ!!!

ਇਸੇ ਤਰ੍ਹਾਂ ਮੁਹੱਬਤ ਹੈ,
ਜਿਸਨੂੰ ਵੇਖਣ,
ਮਹਿਸੂਸਣ ਤੇ ਸਮਝਣ ਲਈ,

ਤੇਰੀ ਲੋੜ ਹੈ ਪ੍ਰੇਮਿਕਾ...

ਤਾਂ ਕਿ ਮੈਂ ਆਪਣੇ ਆਪ ਨੂੰ,

ਨਿਹਾਰ ਸਕਾਂ,
ਸੰਵਾਰ ਸਕਾਂ!!!

## ਆਦਿ ਸੱਚ

ਜਦੋਂ ਜੰਗਲ ਨੂੰ ਅੱਗ ਲੱਗੀ,
ਉਦੋਂ ਮੈਂ ਹੀ ਜਲਿਆ ਸਾਂ!

ਮੌਸਮ ਅੱਜ ਦਾ ਸੀ,
ਗੱਲ ਸੂਰਜ ਦੀ
ਤੇ ਮੰਚ ਭੋਂ ਦਾ।

ਮਿੱਟੀ ਤੜਪੀ,
ਦੇਹ ਦਰਾੜੀ,
ਮਨ ਦੁਫਾੜ!

ਇਕ ਤ੍ਰੀਮਤ,
ਇਕ ਮਰਦ ਨੇ ਵੰਡੀ,
ਹਸਤੀ ਅੰਦਰ,
ਬਾਹਰਵਾਰ!!!

ਤੜਪੀ ਕੁੱਖ 'ਚੋਂ ਬੀਜ ਮੌਲਿਆ,
ਵਿਗਸ ਪਿਆ ਸੰਸਾਰ!!!

## ਫੇਸਬੁੱਕ ਟੱਬਰ

ਵਾਰੋ ਵਾਰੀ ਤੁਰਦੇ ਜਾ ਰਹੇ,
ਮਿੱਤ, ਮਹਿਬੂਬ ਤੇ ਰਿਸ਼ਤੇਦਾਰ!

ਫੇਸਬੁੱਕ ਨੇ ਫੇਰ ਬਣਾਇਆ,
ਮੈਨੂੰ ਟੱਬਰਦਾਰ!

ਦੂਰ ਦੂਰ ਪਰ ਹੈਣ ਇਕਾਈਆਂ,
ਖੜਕੇ ਇੱਕੋ ਈ ਤਾਰ!

ਰਿਸ਼ਤਾ ਪਰ *ਬੇ–ਤਾਰ!!!

ਪੱਤੀ ਪੱਤੀ ਟੁੱਟੇ ਕੋਈ,
ਖਿੜੇ ਕਿਤੇ ਗੁਲਜ਼ਾਰ!!!

***ਸ਼ਬਦ-ਸੰਕੇਤ***

**ਬੇ-ਤਾਰ** : ਤਾਰ ਤੋਂ ਬਿਨਾਂ, Wireless, Electronic

## ਫੇਸਬੁੱਕ ਦੀ ਦੋਸਤੀ ਤੇ ਮੈਂ

ਜਿਵੇਂ ਜਿਵੇਂ ਦਿਲਚਸਪੀਆਂ
ਬਦਲਦੀਆਂ, ਤੇ
ਸੋਚ ਵਿੱਚ ਨਵੇਂ ਸਵੇਰੇ,
ਉਦੈ ਹੁੰਦੇ ਹਨ,
ਫੇਸਬੁੱਕ ਦੀਆਂ ਦੋਸਤੀਆਂ ਵੀ
ਬਦਲਦੀਆਂ ਹਨ–
ਬਿਨਾ ਕਿਸੇ ਤੂਫ਼ਾਨ
ਜਾਂ ਅੱਖਾਂ ਵਿੱਚ ਸੈਲਾਬ ਦੇ!!!

ਫੇਸਬੁੱਕ ਦੀ ਦੋਸਤੀ,
ਜੁ ਬਾਰ, ਬਾਰ,
ਇਕ ਟਿੱਪਣੀ ਵਾਂਗ ਹੀ,
ਦੁਹਰਾਈ ਜਾਵੇ,
ਚਿਰੰਜੀਵੀ ਨਹੀਂ ਹੁੰਦੀ!

ਅਸੀਂ ਇਕ ਦੂਜੇ ਨਾਲ,
ਤੁਰਨਾ ਹੁੰਦਾ ਹੈ,
ਨਵੇਂ ਦਿਸਹੱਦਿਆਂ ਵੱਲ–
ਰੁਕਣਾ ਨਹੀਂ!

ਮਨ ਬੜਾ ਚੰਚਲ ਹੈ,
ਸੋਚਦਾ ਹੈ:
'ਬਦਲੀ ਵਿੱਚ ਵੀ,
ਕੁਝ ਨਾ ਬਦਲਣ ਵਾਲਾ ਹੁੰਦਾ ਹੈ–
ਖੜੋਤ ਵਿੱਚ ਤੋਰ ਦਾ ਅਹਿਸਾਸ!!!'

ਜ਼ਿੰਦਗੀ ਤੇ ਦੋਸਤੀ ਦੀ
ਸਿੱਧ ਪੁੱਠ ਵਿਚਕਾਰ,

ਅਨੇਕ ਮੌਸਮ ਹਨ,
ਨਿਰੰਤਰਤਾ ਵਿੱਚ ਬਦਲਦੇ!!!

ਕਦੇ ਕਦੇ ਇੰਜ ਜਾਪਦਾ ਹੈ,
ਜਿਵੇਂ ਮੈਂ
ਥਿਰ ਇਕਾਈਆਂ ਦੇ ਨਾਲ ਨਾਲ,
ਲਗਾਤਾਰ ਬਦਲੀ 'ਚ ਹਾਂ!!!

✪✪✪

## ਥੋਥਾ ਚਨਾਂ, ਬਾਜੈ ਘਨਾਂ: ਕੁਝ ਊਲ ਜਲੂਲ ਬਿੰਬ

ਜ਼ਿੰਦਗੀ ਵਾਂਗ ਪਿਆਰ ਵੀ,
ਜਿਸਮ ਤੋਂ ਸ਼ੁਰੂ ਹੁੰਦਾ ਹੈ
ਤੇ ਜਿਸਮ 'ਤੇ ਖਲੋ ਜਾਂਦਾ ਹੈ!

ਜੋ ਪੱਤੀ ਰੰਗ ਭੋਗਦੀ ਸੀ,
ਉਹ ਡਿਗ ਪੈਂਦੀ ਹੈ,
ਮੁੜ ਕੇ ਫੁੱਲ ਨਹੀਂ ਬਣਦੀ!

ਜਿਸਦੇ ਅੰਦਰਲੀ ਔਰਤ ਮਰ ਜਾਏ,
ਉਹ ਪੁੱਤ ਧੀ ਨਹੀਂ ਜਣਦੀ!

ਬੂੰਦ ਪਾਣੀ ਦੀ ਹੋਵੇ ਜਾਂ ਤ੍ਰੇਲ ਦੀ,
ਸੂਰਜ ਦੀ ਤਪਸ਼ ਨਾਲ ਉੱਡ ਜਾਂਦੀ ਹੈ,
ਦਰਿਆ ਨਹੀਂ ਬਣਦੀ!

ਰੁੱਤਾਂ ਵਿੱਚ ਬੱਦਲ ਸੁੱਕ ਜਾਣ,
ਜਾਂ ਅੰਬਰ ਹੇਠ ਪੌਣਾਂ ਰੁਕ ਜਾਣ,
ਤਾਰੇ ਫਿਰ ਵੀ ਚਮਕਦੇ ਨੇ,
ਸਮੁੰਦਰ ਰੇਤ ਨਹੀਂ ਬਣਦਾ!

ਭਰੇ ਬਾਗ਼ਾਂ ਵਿੱਚ ਖੜੋਤੀ,
ਅੱਜ ਦੀ ਸੱਸੀ,
ਆਪ ਹੀ ਥਲ ਬਣ ਜਾਂਦੀ ਹੈ,
ਆਪ ਹੀ ਡਾਚੀ, ਆਪ ਹੀ ਪੁਨੂੰ .
ਭੁਲੇਖੇ ਦਾ ਕਿੱਸਾ ਨਹੀਂ ਬਣਦਾ!

ਮਹੀਂਵਾਲ ਨਾਲ਼ੋਂ ਟੁੱਟੀ ਸੁਹਣੀ,
ਆਪਣੇ ਆਪ ਵਿੱਚ ਡੁੱਬ ਜਾਂਦੀ ਹੈ

ਝਨਾਂ  ਬਣ ਜਾਂਦੀ ਹੈ,
ਘੜਾ ਬਣ ਜਾਂਦੀ ਹੈ,
ਜਲ ਬਣ ਜਾਂਦੀ ਹੈ!

ਜ਼ਿੰਦਗੀ ਸਭ ਕੁਝ ਪਾ ਕੇ ਵੀ,
ਖਾਲੀ ਹੱਥ ਰਹਿੰਦੀ ਹੈ
ਬੱਸ ਇਹ ਆਉਂਦੀ, ਉੱਡਦੀ
ਤੇ ਚਲੇ ਜਾਂਦੀ ਹੈ!!!

ਕਿੰਨਿਆਂ ਹੀ ਅੰਕਾਂ ਨਾਲ ਖੇਡੇ ਨਜ਼ਰ,
ਅੰਤ ਸਿਫਰੇ ਵਿੱਚ ਸਿਮਟ ਜਾਂਦੀ ਹੈ!

ਸਿਫ਼ਰ ਤੇ ਅੰਕ ਜਿਸ ਖੇਡ ਨੂੰ ਅੰਕਦੇ ਹਨ,
ਉਹ ਤੁਰਦੀ ਹੋਈ ਵੀ ਖੜ੍ਹੀ ਰਹਿੰਦੀ ਹੈ
ਤੋਰ ਵਿੱਚ ਖੜੋਤ!!!

ਸਮੇਂ ਵਿੱਚ ਰੁੱਤਾਂ ਵਾਂਗ ਘੁੰਮਦੇ ਹਾਂ ਅਸੀਂ,
ਪਲ ਪਲ, ਛਿਣ ਛਿਣ, ਬੀਤ ਜਾਂਦੇ ਹਾਂ!!!

ਇਕ ਵਿੱਚ,
ਦੋ ਜ਼ਿੰਦਗੀਆਂ ਦੇ ਮਾਲਕ ਅਸੀਂ,
ਰੁੱਖਾਂ ਨਾਲ਼ੋਂ ਟੁੱਟ ਜਾਂਦੇ,
ਅੰਕੁਰ 'ਚੋਂ ਫੁੱਟ ਪੈਂਦੇ ਹਾਂ!

ਇਸ ਊਲ ਜਲੂਲ ਖੇਡ ਵਿੱਚ,
ਸਾਡੀ ਮੌਤ ਵੀ,
ਆਉਣ ਵਾਲੇ ਸਮੇਂ ਨੂੰ,
ਜ਼ਿੰਦਗੀ ਦਿੰਦੀ ਹੈ
ਸੁਫਨੇ ਵਿਖਾਉਂਦੀ ਹੈ!!!

ਅਸੀਂ ਭਰੇ ਭਰੇ ਲੱਗਦੇ ਹੋਏ ਵੀ,
ਸੱਖਣੇ ਬਰਤਨ ਹਾਂ:

*ਥੋਥਾ ਚਨਾਂ, ਬਾਜੈ ਘਨਾਂ !!!"

### *ਸ਼ਬਦ ਸੰਕੇਤ*

**"ਥੋਥਾ ਚਨਾਂ, ਬਾਜੈ ਘਨਾਂ"** : Empty Vessel Makes Much noise

## ਮਹਾਂ ਪਰਲੋ ਤੋਂ ਪਹਿਲਾਂ: ਸਵਾਲ ਹੀ ਸਵਾਲ???

ਸੂਰਜ ਨੇ ਗਾਗਰ ਵਿੱਚ ਪੈ, ਕੀ
ਸਦਾ ਸਦਾ ਲਈ ਟੁਰ ਜਾਣਾ ਏਂ?
ਪ੍ਰਕਿਰਤੀ ਦਾ ਸਗਲ ਪਾਸਾਰਾ,
ਕਣ ਕਣ ਕਰ, ਕੀ ਭੁਰ ਜਾਣਾ ਏਂ?

ਸਾਗਰ ਜਿੱਧਰੋਂ ਆਇਆ, ਉਸ ਨੇ
ਉੱਧਰ ਨੂੰ, ਕੀ ਮੁੜ ਜਾਣਾ ਏਂ?
ਜਲ, ਗਲੇਸ਼ੀਅਰ, ਬਰਫ ਬਣਨ ਲਈ,
ਪਰਬਤ ਵੱਲ ਕੀ ਉੜ ਜਾਣਾ ਏਂ?

ਮਾਨਵ, ਆਪਣੀ ਮੰਮੀਂ ਬਣ, ਕੀ
ਆਪੇ ਵਿੱਚ ਹੀ ਪੁੜ ਜਾਣਾ ਏਂ?
ਰੱਬ ਤੇ ਮਿੱਥ-ਕਥਾਵਾਂ ਨੇ, ਕੀ
*ਬਲੈਕ ਹੋਲ ਵਿੱਚ ਤੁਰ ਜਾਣਾ ਏਂ?

ਸ਼ੂਨਯ ਨੇ, ਕੀ ਅੰਕ ਹਜ਼ਮ ਕਰ,
ਆਪਣੇ ਆਪ 'ਚ ਖੁਰ ਜਾਣਾ ਏਂ?
ਗਿਣਤੀ ਮਿਣਤੀ ਸਾਇੰਸ ਕਰੇ ਪਈ,
ਉਸ ਨੇ ਕੀ ਰੁੜ ਪੁੜ ਜਾਣਾ ਏਂ?

॥ ਰਹਾਓ ॥

**ਬਿਗ ਬੈਂਗ ਤੋਂ ਪੈਦਾ ਹੋ, ਕੀ
*ਬਲੈਕ ਹੋਲ ਵਿੱਚ ਤੁਰ ਜਾਣਾ ਏਂ?

ਕਿਣਕਾ ਕਿਣਕਾ ਜੋੜਿਆ ਸੀ ਜੁ,
ਸੋਚਾਂ ਵਿੱਚ ਕੀ ਰੁੜ੍ਹ ਜਾਣਾ ਏਂ?

ਖ਼ੁਦ ਤੋਂ ਮਾਨਵ, ਥੁੜ ਜਾਣਾ ਏਂ?

ਸ਼ਬਦ, ਨਿਸ਼ਬਦੇ ਹੋਣੇ ਸਾਰੇ???
ਅਰਥਾਂ ਨੇ ਕੀ ਉਡ਼ ਜਾਣਾ ਏਂ???

***ਸ਼ਬਦ ਸੰਕੇਤ***

**ਬਲੈਕ ਹੋਲ**: Black Hole- ਨਾਸ਼ਮਾਨਤਾ ਦੇ ਸਿਧਾਂਤ ਵੱਲ ਸੰਕੇਤ – ਇੰਟਰਨੈਟ ਉੱਤੇ ਬਹੁਤ ਜਾਣਕਾਰੀ ਮੌਜੂਦ ਹੈ, ਖੋਜੀਆਂ ਲਈ

**ਬਿੱਗ ਬੈਂਗ**: Big Bang, ਸ੍ਰਿਸ਼ਟੀ ਤੇ ਜੀਵਨ ਦੀ ਉਤਪਤੀ ਦਾ ਸਿਧਾਂਤ – ਖੋਜੀਆਂ ਲਈ, ਇੰਟਰਨੈਟ ਉੱਤੇ ਬਹੁਤ ਜਾਣਕਾਰੀ ਪ੍ਰਾਪਤ ਹੈ

**ਮੰਮੀਂ**: Mummy, ਪ੍ਰਾਚੀਨ ਮਿਸਰ ਵਿੱਚ ਮਰਨ ਉਪਰੰਤ ਲਾਸ਼ ਸਾਂਭਣ ਦਾ ਤਰੀਕਾ – ਇੰਟਰਨੈਟ ਤੋਂ ਪੂਰੀ ਜਾਣਕਾਰੀ ਪ੍ਰਾਪਤ ਕਰੋ

## ਬੱਦਲ ’ਚੋਂ ਸੱਤ-ਰੰਗੀ ਫੜ ਕੇ

ਤ੍ਰਿਪਤ ਹੋਇਕੇ, ਤ੍ਰਿਸ਼ਨਾ ਬਣਿਆਂ ਹੈ।
ਖ਼ੁਦ ਹੀ ਖ਼ੁਦੀ, ਖ਼ੁਦਾ ਬੱਣਿਆਂ ਹੈ।

ਅੱਜ ਦੇ ਆਦਮ ਮਾਈ ਹੱਵਾ ਨੇ,
ਦਿਸਦਾ, ਅਣ–ਦਿਸਦਾ ਜਣਿਆਂ ਹੈ!

ਰਾਂਝਾ ਆਪ ਤੇ ਹੀਰ ਵੀ ਆਪੇ,
ਬੁੱਲ੍ਹਾਂ ਇਸ਼ਕ, ਨ੍ਰਿਤ ਬੱਣਿਆਂ ਹੈ।

ਇਹ ਅਗਨੀ, ਅਗਨੀ ਨੂੰ ਲੱਗੀ,
ਰੌਸ਼ਨ ਹੋ, ਭਾਂਬੜ ਬਣਿਆਂ ਹੈ।

ਅੰਦਰ ਰੌਸ਼ਨ, ਬਾਹਰ ਵੀ ਰੌਸ਼ਨ,
ਖ਼ੁਦ ਹੀ ਸੋਚ, ਚਿੰਤਨ ਬੱਣਿਆਂ ਹੈ।

ਤੁਰ ਪਏ ਪੈਂਡੇ, ਤੁਰਨ ਦਿਸ਼ਾਵਾਂ,
ਪਾਂਧੀ, ਪੰਧ, ਮੰਜ਼ਲ ਬਣਿਆਂ ਹੈ।

ਸਭ ਰਸਤੇ ਹੀ ਅੰਦਰੋਂ ਨਿਕਲਣ,
ਬਾਹਰ ਦੁਮੇਲ, ਭਰਮ ਜਣਿਆਂ ਹੈ।

ਬੱਦਲ ‘ਚੋਂ ਸੱਤ–ਰੰਗੀ ਫੜ ਕੇ,
ਪਾਰ–ਅੰਬਰ–ਪੌੜੀ ਬਣਿਆਂ ਹੈ!!!

## ਚੱਕਰ ਇਸ਼ਕ

ਗੀਤ ਸਦਾ ਅਰਸ਼ਾਂ ਤੋਂ ਉੱਤਰਨ,
ਤੂੰ ਫ਼ਰਸ਼ਾਂ ਦੀ ਰਾਣੀ!
ਮਹਿਕਾਂ ਕਦੇ ਨਾ ਜਾਣ ਪਕੜੀਆਂ,
ਤੇਰੀ ਮੇਰੀ ਆਦਿ-ਕਹਾਣੀ!

ਸ਼ਬਦ ਜਿਵੇਂ ਅਰਥਾਂ ਤੱਕ ਪਹੁੰਚਣ
ਦਾ ਹਨ ਇਕ ਵਰਤਾਰਾ!
ਤਨ ਮਨ ਦੋਵੇਂ ਇਕ ਮਿਕ ਹੁੰਦੇ,
ਲਿਖਤਾਂ ਭਰਨ ਹੁੰਗਾਰਾ।
ਅੱਖਾਂ ਦੇ ਵਿੱਚ ਫੁੱਲ ਵਸਾ ਕੇ,
ਮਹਿਕ ਅਸਾਂ ਸੱਦ ਮਾਣੀ।

ਸੱਚ ਭਰਮ ਦੋਏਂ *'ਲੁਕ-ਲੱਭ' ਖੇਡਣ,
ਇਸ਼ਕ ਹੁਸਨ ਦੀਆਂ ਗੱਲਾਂ!
ਝੀਲਾਂ ਵਿੱਚ ਆ ਸ਼ਾਂਤ ਹੁੰਦੀਆਂ,
ਉੱਛਲ਼ਣ ਵਾਲ਼ੀਆਂ ਛੱਲਾਂ!
ਬਿਨ ਛੁਹਿਆਂ ਵੀ ਸਹਿਜ ਸੁਹਜ ਵਿੱਚ,
ਬੀਤ ਰਹੀ ਜ਼ਿੰਦਗਾਨੀ!

ਬਿਨ ਪਕੜੇ ਹੀ ਮਾਣੇ ਚਾਨਣ,
'ਨ੍ਹੇਰੇ ਵੀ ਰੁਸ਼ਨਾਏ!
ਕਲਪਨਾ ਵਿੱਚ ਆਕਾਸ਼ ਸਿਤਾਰੇ,
ਸੱਤ-ਰੰਗੀਆਂ ਦੇ ਸਾਏ!
ਗਲੇਸ਼ੀਅਰ, ਨਦੀਆਂ, ਸਾਗਰ, ਬੱਦਲ -
ਚੱਕਰ ਇਸ਼ਕ, ਚੱਕਰ ਵਿੱਚ ਪਾਣੀ!!!

ਅੱਖਰ ਹੋਣ ਅਭੇਦ ਸ਼ਬਦ ਵਿੱਚ,
ਪਾਵਣ ਅਰਥ-ਕਹਾਣੀ!

ਪੱਥਰ ਬੋਲਣ, ਨ੍ਰਿਤ ਅੰਦਰੂਨੀ,
ਚਸ਼ਮੇਂ, ਨਦੀਆਂ ਗਾਵਣ!
ਪਾ ਕੇ ਵੀ ਕੁਝ ਪਾ ਨਾ ਸਕਣਾ,
ਇਸ਼ਕ ਇਕ ਜਜ਼ਬਾ ਲਾਸਾਨੀ!!!

***ਸ਼ਬਦ ਸੰਕੇਤ***

**ਚੱਕਰ** : Cycle, ਕ੍ਰਮ
**'ਲੁਕ-ਲੱਭ'**: Hide and Seek, ਲੁਕਣ-ਮੀਟੀ

## ਖੜੋਤੀ ਰੁੱਤ ਦਾ ਗੀਤ

ਅਸੀਂ ਗੀਤ ਖੜੋਤੀ ਰੁੱਤ ਦੇ
ਰੰਗ ਬਿਰੰਗੀਆਂ ਕਿਵੇਂ ਵਿਖਾਈਏ?
ਤਪਦਾ ਥਲ, ਕੰਡਿਆਂ ਦਾ ਬੂਟਾ,
ਜਿੱਧਰ ਤੱਕੀਏ, ਜਿੱਧਰ ਜਾਈਏ!

ਰੰਗ-ਬਿਰੰਗੀਆਂ ਮਾਣ ਰਹੇ ਸਾਂ,
ਇਕ ਰੁੱਤ ਅੱਖਾਂ ਵਿੱਚ ਖੜੋ ਗਈ!
'ਥੈਂਹ-'ਤੇ-ਤੁਰਨਾ', ਤੋਰ ਹੋ ਗਈ,
ਘਾਣੀ ਦੇ ਵਿੱਚ ਪੈਰ ਮਾਰੀਏ,
ਨਾ ਕਿਤੇ ਜਾਈਏ, ਨਾ ਕਿਤੋਂ ਆਈਏ!

ਚੱਕ੍ਰਵਯੂਹ ਵਿੱਚ ਹੋਂਦ ਘਿਰ ਗਈ,
ਸੋਚ ਗਵਾਚੀ ਵਿੱਚ ਖਲਾਅ ਦੇ!
ਪੈਰਾਂ ਤੱਕ ਅਸਮਾਨ ਸੁਕੜਿਆ,
ਨਜ਼ਰ ਗਵਾਚ ਗਈ ਵਿੱਚ ਰਾਹ ਦੇ!
ਸ਼ਬਦ, ਨਿਸ਼ਬਦੇ ਹੋ ਗਏ ਸਾਰੇ,
ਅਰਥ ਢੂੰਡੀਏ, ਅਰਥ ਨਾ ਪਾਈਏ!

ਮੀਤ ਗਵਾ ਕੇ ਗੀਤ ਨਾ ਲੱਭਦਾ,
ਗੀਤ ਗਵਾ ਕੇ, ਆਪਾ!
ਭਰਮ-ਜਲਾਂ ਵਿੱਚ ਦੂਰ ਦੂਰ ਤੱਕ,
ਪਾਣੀ ਫਿਰੇ ਪਿਆਸਾ!
ਨਖ਼ਲਿਸਤਾਨ ਗਵਾਚਾ ਸਾਡਾ,
ਥਲ ਵਿੱਚ ਥਲ ਦੀ ਰੁੱਤ ਹੰਢਾਈਏ!

ਟੁੱਟੀ ਤਾਰ 'ਚੋਂ ਧੁਨ ਨਾ ਨਿਕਲੇ,
ਟੁੱਟਾ ਧਾਮਾਂ ਗੁੰਮ ਸੁੰਮ, ਚੁੱਪ ਹੈ!
ਸੱਤ-ਰੰਗੀਆਂ ਦੇ ਗੀਤ ਗਵਾਚੇ,

ਸਾਡੇ ਵਿਹੜੇ ਕਾਲੀ ਧੁੱਪ ਹੈ!
ਕੋਰਾ ਕਾਗ਼ਜ਼, ਕਲਮ ਸਥਿਰ ਹੈ,
ਸ਼ੂਨਯ ਵਿੱਚ ਫੈਲਦੇ ਜਾਈਏ!

ਮੀਤ ਗਵਾ, ਫਿਰ ਗੀਤ ਗਵਾ ਕੇ,
ਅੰਦਰ ਹੀ ਹੁਣ ਸਿਮਟੀ ਜਾਈਏ!
ਬਿਰਹਾ ਜੀਵੀਏ, ਬਿਰਹਾ ਪੀਵੀਏ,
ਬਿਰਹਾ ਬੀਜੀਏ, ਬਿਰਹਾ ਖਾਈਏ!
ਬਿਰਹਾ ਬਣ ਗਿਆ ਜੀਵਨ-ਸ਼ੈਲੀ,
ਬਿਰਹਾ ਸੋਚੀਏ, ਬਿਰਹਾ ਪਾਈਏ!!!

***ਸ਼ਬਦ ਸੰਕੇਤ***

**ਭਰਮ-ਜਲ** : Mirage, Illusion, ਭਰਮ
**ਨਖ਼ਲਿਸਤਾਨ** : Oasis

## ਅੱਖ ਦਾ ਕੋਨ

ਅਸੀਂ ਫੁੱਲਾਂ ਵਰਗੀਆਂ ਸੂਲਾਂ ਹਾਂ
ਤੇ ਸੂਲਾਂ ਵਰਗੇ ਫੁੱਲ!
ਸਾਡੇ ਵਿੱਚ ਹੀ ਦੋਜ਼ਖ਼ ਵੱਸੇ,
ਜੱਨਤ ਵੱਸੇ ਕੁਲ!!!

ਅੱਖ ਜਦ ਕੋਨ ਬਦਲਦੀ ਹੈ, ਤਾਂ
ਕੀ ਦਾ ਕੀ ਹੋ ਜਾਂਦਾ ਹੈ!
ਧਰਤੀ ਘੁੰਮਦੀ ਰਹਿੰਦੀ ਹੈ .
ਅਸਮਾਨ ਖਲੋ ਜਾਂਦਾ ਹੈ!!!

ਸੂਲ-ਸੇਜ 'ਤੇ ਸੌਂਦੇ ਹਾਂ, ਪਰ
ਫੁੱਲ, ਸੁਪਨ ਵਿੱਚ ਵੇਖਦੇ ਹਾਂ!
ਆਪਣੇ ਆਪ ਤੋਂ ਛੋਟੇ ਹਾਂ, ਪਰ
ਹਰ ਯੁੱਗ ਦੇ ਹੀ ਮੇਚ ਦੇ ਹਾਂ!!!

## ਮੈਂ, ਮੇਰੀ ਇਕੱਲ ਤੇ ਅੱਖਾਂ ਵਿੱਚ ਲਟਕਦੇ ਸੁਫਨੇ

ਦਰਵਾਜ਼ੇ 'ਤੇ ਦਸਤਕ ਹੁੰਦੀ ਹੈ,
ਬਾਹਰ ਕਿਣ ਮਿਣ ਦੀ ਅਵਾਜ਼,
ਅੰਦਰ ਸੁਣਾਈ ਦਿੰਦੀ ਹੈ!

ਦਿਖਾਈ ਦਿੰਦੀਆਂ ਹਨ,
ਖਿੜਕੀ 'ਚੋਂ,
ਸੱਤ-ਰੰਗੀਆਂ ਪੀਘਾਂ!!!

ਕੁਦਰਤ ਦਾ ਸ਼ਾਸਤਰੀ ਸੰਗੀਤ,
ਸਹਿਜ, ਜਗਾ ਦਿੰਦਾ ਹੈ ਸਭ ਨੂੰ!

ਸੜਕਾਂ ਫੇਰ ਦੌੜ ਰਹੀਆਂ ਹਨ
ਤੇ ਟ੍ਰੈਫ਼ਿਕ ਦਾ ਸ਼ੋਰ,

ਘਰਾਂ ਨੇੜੇ ਰੁੱਖਾਂ ਉੱਤੇ,
ਪਰਤ ਆਏ ਪੰਛੀਆਂ ਨੂੰ,

ਉਡਾ ਰਿਹਾ ਹੈ ਫੇਰ,
ਨਵੇਂ ਆਕਾਸ਼ ਤੇ ਨਵੇਂ ਖਿਤਿਜ ਵੱਲ!!!

ਲੌਕ ਡਾਊਨ ਤੋਂ ਬਾਅਦ-

ਸਭ ਕੁਝ ਹੀ ਸੁਭਾਵਿਕ ਤੇ
ਸਹਿਜ ਹੋਣ ਦੇ ਸੰਕੇਤ ਹਨ!!!

ਮੈਂ,
ਮੇਰੀ ਇਕੱਲ,
ਤੇ
ਅੱਖਾਂ ਵਿੱਚ ਲਟਕਦੇ ਸੁਫਨੇ!!!

## ਹੋਂਦ : ਬਦਲਦੇ ਸੰਦਰਭ

ਆਪਣੇ ਨਾਲ ਹੀ ਆਏ ਸਾਂ, ਤੇ
ਆਪਣੇ ਸੰਗ ਤੁਰ ਜਾਣਾ।
ਕੱਲੇ, ਕੱਲੇ ਦੀ ਦੁਨੀਆ, ਇਹ
ਕੱਲਾ ਠੌਰ ਟਿਕਾਣਾ।

ਸਫ਼ਰ ਦੀ ਇੱਛਾ ਹੋਵੇ ਜੇਕਰ,
ਖੁੱਲ੍ਹਣ ਦਰ, ਟੁੱਟਣ ਦੀਵਾਰਾਂ।
ਨਦੀ ਵਾਂਗਰਾਂ, ਇਸ ਆਯੂ ਨੇ,
ਸਾਗਰ ਵਿੱਚ ਸਮਾਣਾ।

ਕਣੀਆਂ ਤੇ ਸੱਤ-ਰੰਗੀਆਂ ਬਣ ਕੇ,
ਮਾਣੀਆਂ ਧੁੱਪਾਂ, ਛਾਵਾਂ।
ਮਹਿਕਾਂ ਦੇ ਵਿੱਚ ਮਹਿਕ ਬਣੇ ਤੇ
ਪੌਣਾਂ ਵਿੱਚ ਉੱਡ ਜਾਣਾ।

ਹੁਣ ਦੀ ਘੜੀ 'ਚ ਹੁਣ ਬਣ ਜੀਵੇ,
ਭੂਤ, ਭਵਿੱਖ ਤੋਂ ਟੁੱਟੇ।
ਸਾਫ਼ ਕਦੇ ਵੀ ਨਜ਼ਰ ਨਾ ਆਇਆ,
ਧੁੰਦ, ਧੂੜ ਅਸਮਾਨਾਂ!

ਘੜੀਆਂ ਪਲਾਂ ਨੂੰ ਗਿਣਦੇ ਗਿਣਦੇ,
ਜ਼ਿੰਦਗੀ ਗਣਿਤ ਬਣਾਈ।
ਕੋਈ ਸੂਤਰ ਵੀ ਰਾਸ ਨਾ ਆਇਆ,
ਬਦਲਿਆ ਕਿੰਜ ਜ਼ਮਾਨਾ!

ਤ੍ਰੇਲਾਂ ਪਈਆਂ, ਸੁਫਨੇ ਲੈ ਕੇ-
ਸੂਰਜ, ਸੁਫਨੇ ਢਾਏ।

ਮੋਹ ਮੁਹੱਬਤ ਫੜਦੈ ਰਹਿ ਗਏ,
ਚੁੱਕਿਆ ਹਰ ਨਿਸ਼ਾਨਾ।

ਰੰਗਾਂ ਦੇ ਵਿੱਚ ਰੰਗ ਬਣ ਜੀਵੇ,
ਰੁੱਤਾਂ ਦੇ ਵਿੱਚ ਰੁੱਤਾਂ।
ਤਰਕ, ਫ਼ਲਸਫ਼ਾ ਤੇ ਵਿਸ਼ਵਾਸ-
ਉਲਝਿਆ ਤਾਣਾ ਬਾਣਾ!!!

## ਟੁੱਟੀਆਂ ਸੂਈਆਂ ਵਾਲੀ ਘੜੀ

ਦੂਜਾ ਦੇਸ਼ ਤਾਂ ਦੂਜਾ ਹੀ ਹੈ,
ਆਪਣਾ ਦੇਸ਼ ਵੀ ਹੋਇਆ ਪਰਾਇਆ।
ਤਪਦਾ ਸੂਰਜ, ਮੱਚਦਾ ਥਲ ਹੈ,
ਛਿਣ, ਛਿਣ ਹੈ ਤਿਰਹਾਇਆ।

ਖਾਲੀ ਖੂਹ ਤੇ ਨਲਕੇ ਬੰਦ ਨੇ,
ਧਰਤੀ ਹੇਠੋਂ ਪਾਣੀ ਸੁੱਕਾ,
ਕੁਦਰਤ ਵੀ ਪਰਾਈ ਹੋ ਗਈ,
ਕੈਸਾ ਮੌਸਮ ਆਇਆ।

ਕੱਲੇ ਕੱਲੇ ਹੋ ਗਏ ਨੇ ਸਭ,
ਨੇੜ ਵੀ ਬਣ ਗਏ ਦੂਰੀ।
ਗੁੰਬਦ ਬਣੀ ਖਲਾਅ ਹੀ ਸਾਡੀ
ਉਮਰ-ਕੈਦ, ਹਰ ਢੰਗ ਅਜ਼ਮਾਇਆ!

ਆਪਣੇ ਆਪ ਤੋਂ ਟੁੱਟੀਏ ਛਿਣ-ਛਿਣ,
ਪੱਤੀ, ਪੱਤੀ ਫੁੱਲ ਬਿਖਰ ਗਏ।
ਕੌਡਾਂ ਦੇ ਭਾਅ ਮਹਿਕਾਂ ਗਈਆਂ,
ਖੇੜਾ ਕਿਸੇ ਦੇ ਹੱਥ ਨਾ ਆਇਆ।

ਪ੍ਰੀਤ-ਕਥਾਵਾਂ ਨਾਲੋਂ ਟੁੱਟੇ,
ਮਿਰਜ਼ਾ ਬਣੇ ਨਾ ਰਾਂਝਾ ਆਪਾਂ-
ਸੁਫਨੇ ਸਾਡੇ ਹੱਥ ਨਾ ਆਏ,
'ਹੁਣ' ਨੂੰ 'ਹੁਣ' ਦਾ ਸਾਥ ਨਾ ਭਾਇਆ।

ਸਾਗਰ ਨਾਲ਼ੋਂ ਨਦੀਆਂ ਟੁੱਟੀਆਂ,
ਨਦੀਆਂ ਨਾਲ਼ੋਂ ਪਰਬਤ!
ਖਾਲੀ ਨਜ਼ਰ 'ਚ ਦ੍ਰਿਸ਼ ਨਹੀਂ ਵੱਸਦੇ,
ਕੈਸੀ ਥੋੜ ਨੇ ਡੇਰਾ ਲਾਇਆ।

ਬਿਨ ਜੀਵੇ ਵੀ ਬੀਤ ਰਹੇ ਹਾਂ,
ਬਿਨ ਵੱਸਿਆ ਵੀ, ਉੱਜੜੇ-
ਰੇਤ-ਘਰਾਂ ਵਿੱਚ ਬੇ-ਘਰ ਹੋਏ,
ਜ਼ਿੰਦਗੀ ਕੈਸਾ ਸਬਕ ਸਿਖਾਇਆ!

ਆਪਣੇ ਆਪ ਤੋਂ ਹੋਏ ਬੇਗਾਨੇ,
ਪਲ, ਛਿਣ ਟੁੱਟੇ ਸਮੇਂ ਦੇ ਨਾਲ਼ੋਂ-

ਘੜੀ ਦੀਆਂ ਸੂਈਆਂ ਡਿਗ ਪਈਆਂ,
ਕੁਝ ਵੀ ਸਾਡੇ ਹੱਥ ਨਾ ਆਇਆ!

॥ ਰਹਾਓ ॥

ਘੜੀ ਖੜੀ? ਕਿ ਸਮਾਂ ਖੜ੍ਹਾ ਹੈ?

ਜਾਪ ਰਿਹਾ ਕਿ ਏਸ ਘੜੀ ਦੇ,
ਇੱਕੋ ਵਾਰ ਹੀ 'ਸਾਰੇ' ਵੱਜ ਗਏ-
ਸ਼ਬਦ, ਅਰਥ ਦੇ ਮੇਚ ਨਾ ਆਇਆ!!!

## ਕਿਰਦਾਰਾਂ ਦੇ ਚਿਹਰੇ : ਇਕ ਪ੍ਰਭਾਵ

ਕੰਪਿਊਟਰ ਦੇ
ਏਸ ਯੁੱਗ ਵਿੱਚ,

ਬਟਨ ਦੱਬੋ, ਤਾਂ
ਰੂਹ, ਦਿਲ, ਦਿਮਾਗ਼
ਅਤੇ ਅਲਗਾਵ ਵਿੱਚੋਂ,
ਅਨੇਕਾਂ ਸੰਵਾਦ,
ਜਨਮ ਲੈਂਦੇ ਹਨ!!!

ਵਾਰਤਾਲਾਪ ਹੀ,
ਕਿਰਦਾਰਾਂ ਦੇ ਚਿਹਰੇ ਹੁੰਦੇ ਹਨ!!!

***ਸ਼ਬਦ ਸੰਕੇਤ***

**ਕਿਰਦਾਰ** : ਚਰਿੱਤਰ, ਅਭਿਨੇਤਾ, Characters
**ਅਲਗਾਵ** : ਬੇਗਾਨਗੀ, Alienation, Callousness
**ਸੰਵਾਦ** : ਵਾਰਤਾਲਾਪ, Dialogue

## ਮੈਂ ਮੌਸਮ ਤੇ ਸਫ਼ਰ : ਇਕ ਅਨੰਤ ਗਾਥਾ

1.

ਮੇਰੇ ਕੋਲ,
ਕੁਝ ਨਾ ਹੋ ਕੇ ਵੀ,
ਸਭ ਕੁਝ ਹੈ!!!

ਮੇਰੇ ਕੋਲ ਕਲਪਨਾ ਤੇ ਸੋਚ ਦਾ,
ਬਹੁਤ ਵੱਡਾ, ਵੱਡ-ਦਰਸ਼ੀ ਤੇ ਦੂਰ-ਦਰਸ਼ੀ,
ਕੈਮਰਾ ਹੈ!

ਮੇਰੇ ਕੋਲ,
ਮੇਰੀ ਬਲ-ਸ਼ਕਤੀ ਹੈ,
ਮੇਰੀ ਸਹਿਣ-ਸ਼ਕਤੀ ਨਾਲ ਖਹਿੰਦੀ।

ਮੇਰੀ ਪਾਰਦਰਸ਼ੀ ਨਜ਼ਰ,
'ਨ੍ਹੇਰ ਤੇ ਤੂਫ਼ਾਨ ਵਿੱਚ,
ਮੇਰੀ ਦਿਸ਼ਾ ਬਣਦੀ ਹੈ।

ਜਿੱਥੋਂ ਜ਼ਿੰਦਗੀ ਰੁਕ ਜਾਂਦੀ ਹੈ,
ਉੱਥੋਂ ਅੱਗੇ ਫੈਂਟਸੀ ਤੁਰ ਪੈਂਦੀ ਹੈ!!!

2.
ਮੇਰੇ ਜ਼ਿਹਨ ਵਿੱਚ ਇਕ ਝਰਨਾ ਹੈ,
ਜੁ ਪਰਬਤ 'ਚੋਂ ਨਿਕਲਦਾ,
ਚਹਿਲ ਕਦਮੀ ਕਰਦਾ,
ਸਾਗਰ ਤੱਕ ਪਹੁੰਚ ਜਾਂਦਾ ਹੈ।

ਤਿੱਤਲੀ ਫੁੱਲਾਂ 'ਤੇ ਮੰਡਲਾਉਂਦੀ ਹੈ,
ਸੂਰਜ ਦੀ ਕਿਰਨ,
ਬੱਦਲਾਂ ਨਾਲ ਖੇਡਦੀ,
ਅੰਬਰਾਂ ਉੱਤੇ,
ਸੱਤ-ਰੰਗੀ ਪੀਂਘ ਪਾਉਂਦੀ ਹੈ!

ਬਹਾਰ ਤੇ ਪੱਤਝੜ ਵੀ ਮੈਨੂੰ ਹੁਣ,
ਅਪਣੀ ਸਿੱਧ-ਪੁੱਠ ਵਾਂਗ ਜਾਪਦੇ ਹਨ-
ਇਹ ਬਦਲਦੇ, ਮੈਂ ਵੀ ਬਦਲਦਾ ਹਾਂ।

ਮੈਂ ਉੱਗਦੇ ਬੀਆਂ, ਫੁੱਲਦੇ ਪੌਦਿਆਂ,
ਝੜਦੇ ਪੱਤਿਆਂ, ਕਿਰਦੀਆਂ ਪੱਤੀਆਂ,
ਰੁੰਡ ਮੁੰਡ ਰੁੱਖਾਂ-
ਸਭ ਨਾਲ ਹੱਸਦਾ ਖੇਲ੍ਹਦਾ,
ਬਹੁਤ ਸਹਿਜ ਹੋ ਗਿਆ ਹਾਂ!

3.

ਮੇਰੇ ਕੋਲ,
ਯਾਦਾਂ ਦਾ ਸਰਮਾਇਆ ਵੀ ਹੈ,
ਮੈਨੂੰ ਅਜੇ ਵੀ,
ਵਿਰੋਧੀ ਹਵਾਵਾਂ ਵਿੱਚ,
ਸੁਫਨੇ ਲੈਣੇ ਆਉਂਦੇ ਹਨ।

ਆਦਿ-ਬਿੰਦੂ ਤੋਂ ਅੰਤ-ਬਿੰਦੂ ਵਿੱਚਕਾਰ,
ਅਨੇਕ ਮੌਸਮ ਹਨ-
ਮੈਂ, ਉਨ੍ਹਾਂ ਮੌਸਮਾਂ ਦਾ ਸਫਰ ਹਾਂ!

ਮੇਰਾ ਸਫਰ,
ਰਾਤ ਅਤੇ ਸੂਰਜ ਨਾਲ,

ਅੱਖ ਮਟੱਕਾ ਕਰਦਾ ਹੈ!
ਰੁੱਖਾਂ, ਫੁੱਲਾਂ, ਰੁੱਤਾਂ ਵਾਂਗ,
ਪੱਤਝੜ ਤੋਂ ਬਾਅਦ ਵੀ,
ਮੇਰਾ ਸਫਰ ਜਾਰੀ ਰਹਿੰਦਾ ਹੈ!

ਪੋਤੇ, ਪੋਤੀਆਂ,
ਦੋਹਤੇ, ਦੋਹਤੀਆਂ...
ਤੇ ਉਨ੍ਹਾਂ ਤੋਂ ਬਾਅਦ ਵੀ...

ਅੱਗੇ ਤੋਂ ਅੱਗੇ ਵਿਗਸਦਾ,
ਨਿਰੰਤਰ...ਅਨੰਤ ਤੱਕ!!!

ਮੌਸਮ, ਸੂਰਜ ਵਾਂਗ ਹਨ,
ਇਹ ਹਰ ਹਾਲ, ਹਰ ਕਾਲ,
ਨਿਰੰਤਰ ਸਫਰ ਵਿੱਚ ਰਹਿੰਦੇ ਹਨ!!!

4.

ਮੇਰੇ ਕੋਲ,
ਕੁਝ ਨਾ ਹੋ ਕੇ ਵੀ,
ਸਭ ਕੁਝ ਹੈ...

ਮੈਂ ਹਾਂ,
ਮੇਰੇ ਸ਼ਬਦ ਹਨ...

ਸਮੇਂ ਵਾਂਗ,
ਪਿੰਡ ਤੇ ਬ੍ਰਹਮੰਡ ਦੇ ਸਮਾਨੰਤਰ ਚੱਲਦੀ,
ਮੇਰੇ ਅਰਥਾਂ ਦੀ ਉਡਾਣ ਹੈ!!!

## ਮੱਛਲੀ, ਲੱਭਤ ਤੇ ਈਜਾਦ

ਬਾਰ, ਬਾਰ, ਇਕ ਮਛਲੀ,
ਸਮੁੰਦਰ ਵਿੱਚੋਂ,
ਆਕਾਸ਼ ਵਲਾਂ ਛਲਾਂਗ ਲਗਾਉਂਦੀ,
ਸਮੁੰਦਰ ਵਿੱਚ ਡਿਗ ਪੈਂਦੀ ਹੈ!

ਮਛਲੀ,
ਪਾਣੀਆਂ ਦੀ ਤਹਿ ਨੂੰ ਤੋੜ ਕੇ,
ਹਵਾ ਵਿੱਚ ਹਵਾ ਹੋਣਾ ਲੋਚਦੀ ਹੈ!

ਸਵਾਲ,
ਮਛਲੀ ਦਾ ਆਕਾਸ਼ ਛੂਹਣਾ ਨਹੀਂ,
ਸਗੋਂ ਆਪਣੇ ਆਲੇ-ਦੁਆਲੇ ਫੈਲੀ,
ਖੜੋਤ ਨੂੰ ਤੋੜਨਾ ਹੈ!

ਸਮੁੰਦਰ ਵਿੱਚ ਰਹਿੰਦਿਆਂ ਵੀ,
ਸਮੁੰਦਰ ਤੋਂ ਕੁਝ ਵੱਖਰਾ ਸੋਚਣਾ ਹੈ!!!

ਵੱਖਰੀ ਸੋਚ ਹੀ,
ਹਰ ਲੱਭਤ,
ਹਰ ਈਜਾਦ ਦੀ ਮਾਂ ਹੈ!!!

### *ਸ਼ਬਦ ਸੰਕੇਤ*

**ਲੱਭਤ** : Discovery
**ਈਜਾਦ** : Invention

## ਕਵੀ : ਸ਼ਬਦ ਤੇ ਅਰਥ ਦੀ ਇਕਾਈ

ਗੱਲ ਬੱਸ ਏਨੀ ਕੁ ਹੈਃ

ਦਰਿਆ,
ਕਤਰੇ 'ਚ ਡੁੱਬ ਗਿਆ ਹੈ!

ਸਾਗਰ, ਘਟਾ ਬਣ,
ਅੰਬਰ ਵਲਾਂ ਉੱਡ ਪਿਆ ਹੈ!

ਕਵੀਃ
ਸ਼ਬਦ ਤੇ ਅਰਥ ਵਿੱਚ,
ਇਕ ਹੋ ਗਿਆ ਹੈ!!!

ਇਕ ਸੂਰਜ ਡੁੱਬ,
ਦੂਜਾ ਚੜ੍ਹ ਪਿਆ ਹੈ!!!

# ਟਾਈਮ-ਕੈਪਸਿਊਲ ਵਿੱਚ ਤੂਫ਼ਾਨ

–ਅਫ਼ਗਾਨ ਅੱਤਵਾਦੀ ਸੰਗਠਨ : "ਤਾਲਿਬਾਨ" ਦੇ 15 ਅਗਸਤ, 2021 ਨੂੰ ਅਫਗਾਨਿਸਤਾਨ ਦੀ ਰਾਜਧਾਨੀ ਰਾਸ਼ਟਰਪਤੀ ਭਵਨ ਉੱਤੇ ਕਬਜ਼ਾ ਕਰਨ ਤੋਂ ਬਾਅਦ ਲਿਖੀ ਕਵਿਤਾ–

ਪਲਟਿਆ ਹੈ ਇਤਿਹਾਸ ਨੇ ਪੰਨਾ,
ਬਦਲਿਆ ਨਹੀਂ ਅਫ਼ਗ਼ਾਨਿਸਤਾਨ।
ਵੱਡੀਆਂ ਸ਼ਕਤੀਆਂ ਆਈਆਂ ਗਈਆਂ,
*ਟਾਈਮ–ਕੈਪਸਿਊਲ ਵਿੱਚ ਤੂਫ਼ਾਨ!

ਕੀ ਖੱਟਿਆ ਤੇ ਕੀ ਗੁਆਇਆ?
ਸੋਚ ਰਿਹਾ ਅਮਰੀਕਾ ਹਰ ਅਫ਼ਗ਼ਾਨ!
ਇਨਕਲਾਬ, ਬਦਲੀ ਉਦ ਆਵੇ,
ਬਦਲੇ ਸੋਚ ਜਦ ਬਦਲੇ ਇਨਸਾਨ!

ਜਬਰ ਦੇ ਵੱਖ ਵੱਖ ਚਿੰਨ੍ਹ ਸਨ ਸਾਰੇ,
ਬ੍ਰਿਟਨ, ਰੂਸ, ਅਮਰੀਕਾ, ਤਾਲਿਬਾਨ!
ਜਾਬਰਾਂ ਨੇ ਇਤਿਹਾਸ ਸਿਰਜਿਆ,
ਪਿਸਿਆ, ਮਿਟਿਆ ਆਮ ਇਨਸਾਨ!

ਗਿਆਨ ਵਿਗਿਆਨ ਦਾ ਇਲਮ : ਰੌਸ਼ਨੀ,
'ਨ੍ਹੇਰੇ ਵਿੱਚ ਪਰ ਆਮ ਇਨਸਾਨ!
ਪਿੱਠ ਵਿਖਾ ਕੇ ਭੱਜ ਗਏ ਸਾਰੇ,
ਅੱਲਾ, ਗੌਡ ਤੇ ਸਭ ਭਗਵਾਨ!!!

ਨਵੇਂ ਸਮੇਂ 'ਤੇ ਛਾ ਗਏ, ਵੇਖੋ
ਬੀਤੇ ਸਮੇਂ ਦੇ ਫਿਰ ਸੁਲਤਾਨ!
ਕੱਟੜਪੰਥੀ ਧਰਮ ਦਾ ਪਹਿਰਾ,
ਦੱਬ ਗਈ ਮਾਨਵ ਦੀ ਪਹਿਚਾਣ!!!

॥ ਰਹਾਓ ॥

ਵੱਡਾ ਹੁੰਦਾ ਰਿਹਾ ਇਤਿਹਾਸ,
ਛੋਟਾ ਹੋਇਆ ਆਮ ਇਨਸਾਨ !
ਜਾਬਰ ਸ਼ਕਤੀ ਮੱਲੀ ਰੱਖਦੀ,
ਕਿਉਂ ਇਸ ਦਾ ਅਸਮਾਨ???

***ਸ਼ਬਦ ਸੰਕੇਤ***

**ਟਾਈਮ-ਕੈਪਸਿਊਲ** : ਨਿਸ਼ਚਿਤ ਜਾਂ ਸੀਮਤ ਮਿੱਥੇ ਸਮੇਂ ਲਈ, Time-Capsule

## ਕਿਸਾਨ ਅੰਦੋਲਨ : ਇਕ ਦ੍ਰਿਸ਼ਟੀਕੋਣ, ਇਕ ਕਵਿਤਾ

ਇਸ ਸਮੇਂ ਕਿਸਾਨ ਅੰਦੋਲਨ ਬੜੇ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਭਾਰਤ ਦੇ ਖੇਤੀ-ਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਦਾ ਇਹ ਬਿਆਨ ਫਿਰ ਦੁਹਰਾਇਆ ਗਿਆ ਹੈ ਕਿ ਮੋਦੀ ਸਰਕਾਰ ਇਸ 'ਕਾਲੇ ਕਾਨੂੰਨ' ਵਿੱਚ ਸੋਧਾਂ ਕਰਨ ਲਈ ਤਿਆਰ ਹੈ। ਇਕ ਦ੍ਰਿਸ਼ਟੀਕੋਣ ਇਹ ਵੀ ਹੈ ਕਿ ਕਿਸਾਨਾਂ ਦੇ ਵਕੀਲ, ਇਸ ਕਾਲੇ ਕਾਨੂੰਨ ਨੂੰ ਧਾਰਾ-ਦਰ-ਧਾਰਾ ਦੋਬਾਰਾ ਲਿਖਕੇ, ਪ੍ਰਸਤਾਵ (Proposal) ਵਜੋਂ ਭਾਰਤੀ ਸਰਕਾਰ ਨੂੰ ਪੇਸ਼ ਕਰਨ, ਤਾਂ ਕਿ ਇਹ ਪਤਾ ਲੱਗ ਸਕੇ ਕਿ ਰਾਜਨੀਤੀ ਕੇਵਲ ਮਖੌਟਾ ਹੀ ਹੈ ਜਾਂ ਇਸਦੇ ਪਿੱਛੇ ਸੱਚ ਤੇ ਸੁਹਿਰਦਤਾ ਦੇ ਕੁਝ ਅੰਸ਼ ਅਜੇ ਵੀ ਬਾਕੀ ਹਨ?

ਪ੍ਰਸਤਾਵ ਤੇ ਮੋੜਵੇਂ ਪ੍ਰਸਤਾਵ (Proposal and Counter Proposal) ਦੁਆਰਾ ਗੱਲ ਬਾਤ ਅੱਗੇ ਤੋਰਨ ਦੀ ਸੰਭਾਵਨਾ ਹੈ ਜਾਂ ਨਹੀਂ, ਇਸ ਪ੍ਰਸ਼ਨ ਦਾ ਉੱਤਰ ਵੀ ਮਿਲ ਜਾਵੇਗਾ।

ਐਸੇ ਹੀ ਵਿਚਾਰ-ਮੰਥਨ ਤੇ ਦ੍ਰਿਸ਼ਟੀਕੋਣ ਤੋਂ, ਹੇਠ ਦਿੱਤੀ ਕਵਿਤਾ ਲਿਖੀ ਗਈ ਹੈ :

ਖੜੋਤੇ ਪਾਣੀ : ਇਕ ਦ੍ਰਿਸ਼ਟੀਕੋਣ

(ਕਿਸਾਨ ਅੰਦੋਲਨ ਦੇ ਸੰਦਰਭ ਵਿੱਚ)

ਵੱਗਦਾ ਪਾਣੀ ਰੁਕ ਗਿਆ ਹੈ!

ਅੱਗੇ, ਪਿੱਛੇ ਨਾਲ਼ੋਂ ਟੁੱਟਕੇ,
ਛੱਪੜ ਬਣਕੇ, ਖੜ੍ਹ ਗਿਆ ਹੈ!!!

ਖੜ੍ਹੇ ਪਾਣੀਆਂ ਵਿੱਚ ਠੀਮਾਂ ਮਾਰਿਆਂ,
ਇਸਦੀਆਂ ਲਹਿਰਾਂ ਵਿੱਚ,
ਹਿਲ-ਜੁਲ ਤਾਂ ਹੋ ਸਕਦੀ ਹੈ,
ਪਰ ਇਹ ਮੁੜਕੇ,
ਦਰਿਆ ਨਹੀਂ ਬਣ ਸਕਦਾ!

ਇਸ ਛੱਪੜ ਨੂੰ, ਮੁੜ ਕੇ
ਦਰਿਆ ਬਨਾਉਣ ਲਈ,
ਇਸ ਦੇ ਅੱਗੇ, ਪਿੱਛੇ ਤੇ
ਵਰਤਮਾਨ ਉੱਤੇ,
ਚਿੰਤਨ-ਮੰਥਨ ਜ਼ਰੂਰੀ ਹੈ!!!

ਖੜੋਤ ਨੂੰ ਤੋੜਨ ਲਈ,
ਦੋ ਧਿਰਾਂ, ਦੋ ਸਿਰਿਆਂ ਵਿਚਕਾਰ,
ਸੰਵਾਦ ਦੀ ਕਿਉਂ ਦੂਰੀ ਹੈ???

ਲੀਕਾਂ ਖਿੱਚਿਆਂ,
ਨਾਂ ਜ਼ਿੰਦਗੀ ਅੱਗੇ ਤੁਰਦੀ ਹੈ,
ਨਾ ਹੀ ਦਰਿਆ!

'ਕਾਲੇ ਕਾਨੂੰਨ' ਨੂੰ,
ਏ ਤੋਂ ਜ਼ੈਡ (A to Z) ਤੱਕ,
ਪੂਰੀ ਤਰ੍ਹਾਂ ਸੋਧ, ਬਦਲ ਕੇ,
ਉਸ ਵਿੱਚ ਨਵੀਂ ਆਤਮਾਂ ਫੂਕੀ ਜਾ ਸਕਦੀ ਹੈ!

ਜੇ ਇੱਛਾ ਹੋਵੇ, ਤਾਂ
ਪੁਨਰ-ਲੇਖਣ,
ਪੁਨਰ-ਜਨਮ ਵੀ ਬਣ ਸਕਦਾ ਹੈ!!!

ਰਾਜਨੀਤਕ ਮਖੌਟੇ,
ਉੱਤਰ ਸਕਦੇ ਹਨ,
ਉਨ੍ਹਾਂ ਪਿਛਲਾ,
ਸੱਚ, ਭਰਮ,
ਛਣ ਸਕਦਾ ਹੈ!!!

## ਨਵੀਂ ਜਾਗੋ:

ਭਾਰਤੀ ਕਿਸਾਨ ਅੰਦੋਲਨ ਦੇ ਸੰਦਰਭ ਵਿੱਚ

ਨਾ 'ਨ੍ਹੇਰਾ ਜਾ ਰਿਹਾ ਸਾਥੀ,
ਸਵੇਰਾ ਦੂਰ ਲੱਗਦਾ ਹੈ!
ਥਕਾਵਟ ਦੀ ਥਕਾਵਟ ਹੈ
ਤੇ ਸੂਰਜ *ਚੂਰ ਲੱਗਦਾ ਹੈ!!!

ਨਵਾਂ ਸੰਘਰਸ਼ ਮੰਗਦਾ ਹੈ,
ਨਵੀਂ ਹਲਚਲ, ਨਵੇਂ ਦਾਈਏ।
ਸਮੇਂ ਦੀ ਗੱਲ ਕਰਦੇ ਵੀ,
ਸਮੇਂ ਤੋਂ ਪਾਰ ਲੰਘ ਜਾਈਏ।

ਜਗਾਵੋ ਕਲਪਨਾ ਆਪਣੀ
ਤੇ ਰਾਹਾਂ ਦੀ ਦਿਸ਼ਾ ਬਦਲੋ।
ਵਿਧੀ ਬੇਕਾਰ ਜੇ ਹੋ ਗਈ,
ਤਾਂ ਕਾਰਜ ਦੀ ਦਸ਼ਾ ਬਦਲੋ।

ਸਿਆਸਤ ਦੀ ਹੈ ਇਹ ਸ਼ਤਰੰਜ,
ਨਵੀਂ ਹੁਣ ਚਾਲ ਕੋਈ ਸੋਚੋ।
ਨਿਰੁੱਤਰ ਹੋ ਜਾਏ ਸ਼ੱਤਰੂ, ਕਿ
ਐਸਾ ਸਵਾਲ ਕੋਈ ਸੋਚੋ!!!

ਅਮਨ ਦੀ ਚੁੱਪ ਘਾਤਕ ਹੈ,
ਇਹਨੂੰ ਤਾਂਡਵ ਬਣਾਵੋ ਹੁਣ!
ਨਵੇਂ ਅੰਬਰ, ਨਵੇਂ ਸੁਫਨੇ,
ਨਵੀਂ ਜਾਗੋ ਜਗਾਵੋ ਹੁਣ!!!

***ਸ਼ਬਦ ਸੰਕੇਤ***

**ਚੂਰ** : ਥਕਾਵਟ ਵਿੱਚ ਚੂਰ, ਚੂਰ ਚੂਰ ਹੋਇਆ, ਥੱਕਿਆ ਹੋਇਆ

## ਕੋਰੋਨਾ-ਕਾਲ ਵਿੱਚ ਮੇਲ : ਟੋਟਕੇ

ਅੱਜ ਮਿਲਦਾ,
ਨਿਕਾਬ ਨੂੰ ਨਿਕਾਬ ਹੀ,
ਚਿਹਰੇ ਦੀ ਪਛਾਣ ਭੁੱਲ ਗਈ!

ਅਸੀਂ ਲੱਭੀਏ ਯਾਰ ਗਵਾਚੇ,
ਅੱਖਾਂ ਵਿੱਚ, ਅੱਖਾਂ ਪਾ ਕੇ!

ਜੱਫੀ ਘੁੱਟ ਕੇ ਅੱਖਾਂ ਨਾਲ ਪਾਈਏ,
ਛੇ ਫੁੱਟ ਫ਼ਾਸਲੇ ਤੋਂ!!!

## ਲੋਕ- ਤੰਤਰ ਬਨਾਮ ਤਾਨਾਂ ਸ਼ਾਹੀ

ਸੱਚ ਤੇ ਝੂਠ ਵੰਗਾਰ ਰਹੇ ਨੇ,
ਕੱਦ ਤੱਕ ਧਿਰ ਨਹੀਂ ਬਣੇਂਗਾ?
ਆਪਣਾ ਮੰਥਨ ਆਪ ਕਰੇਂ, ਤਾਂ
ਮੰਥਨ ਹੀ ਧਿਰ ਜਣੇਂਗਾ।

ਚੁੱਪ ਕੀਤਾ, ਤੂੰ ਕੋਰਾ ਵਰਕਾ,
ਸੱਚ, ਝੂਠ ਤੋਂ ਸੱਖਣਾ ਸਿਫ਼ਰਾ।
ਟਾਪੂ ਵਾਂਗ ਇਕੱਲਾ ਹੋ ਕੇ,
ਵਿਸ਼ਵ ਨਾਲ ਕਿੰਜ ਜੁੜੇਂਗਾ?

ਨੀਤ ਤੇ ਨੀਤੀ ਹੀ ਹੁੰਦੀ ਹੈ,
ਨੇਤਾ ਦੀ ਪਹਿਚਾਣ।
ਅੱਕ, ਧਤੂਰਾ ਬੀਜ, ਕਿੰਜ ਤੂੰ
ਅੰਬ ਦੀ ਇੱਛਾ ਕਰੇਂਗਾ?

ਸਦੀਆਂ ਤੋਂ ਹੀ ਰਾਮ ਤੇ ਰਾਵਣ,
ਕਿਸ਼ਨ, ਕੰਸ, ਅਬਦਾਲੀ, ਸਿੱਖ, ਯੁੱਧ
ਕਰਦੇ ਰਹੇ ਇਤਿਹਾਸ ਦੇ ਵਿੱਚ ਹੀ,
ਕੱਦ ਸਮਕਾਲ 'ਚ ਲੜੇਂਗਾ???

ਫ਼ਲਸਤੀਨ ਤੇ ਇਜ਼ਰਾਈਲ 'ਚੋਂ,
ਜ਼ਾਲਮ ਤੇ ਮਜ਼ਲੂਮ ਕੌਣ ਹੈ?
ਕੱਦ ਤੱਕ ਖੱਟੇ ਪਾ ਹੱਕਾਂ ਨੂੰ,
ਸਾਮਰਾਜ ਇਹ, ਟੇਢੇ ਯੁੱਧ ਜਣੇਂਗਾ?

ਲੋਕ-ਤੰਤਰ ਕਿ ਤਾਨਾਸ਼ਾਹੀ?
ਇਕ ਪਾਰਟੀ ਭਾਰਤ ਉੱਤੇ,

ਵਾਂਗ ਘਟਾ ਦੇ ਛਾ ਗਈ, ਦੱਸੋ
ਜਨਤਾ ਦਾ ਕੀ ਬਣੇਂਗਾ?

ਹਿਟਲਰ ਤੇ ਮਸੋਲੀਨੀ ਤੁਰ ਗਏ,
ਸਭ ਚੰਗੇਜ਼, ਹਲਾਕੂ ਤੁਰ ਗਏ।
ਲੋਕਾਂ ਦਾ ਦਿਲ ਉਹ ਜਿੱਤੂ, ਜੁ
ਬਹੁਗਿਣਤੀ ਦੀ ਸੁਣੇਂਗਾ!

ਨਾਵਾਂ ਦੇ ਨਾਲ ਜੰਗਾਂ ਜੁੜੀਆਂ,
ਮੁੱਲਾਂ ਸੰਗ ਮਹਾਂ ਯੁੱਧ।
ਲਗਾਤਾਰ ਜੁ ਲੜਦਾ ਰਹੇਗਾ,
ਅੰਤ ਨੂੰ ਜੇਤੂ ਬਣੇਂਗਾ!!!

***ਸ਼ਬਦ ਸੰਕੇਤ***

**ਤਾਨਾਸ਼ਾਹੀ** : Dictatorship
**ਵਰਕਾ** : ਪੰਨਾ, ਸਫ਼ਾ
**ਸਮਕਾਲ** : ਹੁਣ ਦਾ ਸਮਾਂ
**ਚੰਗੇਜ਼** : ਚੰਗੇਜ਼ ਖ਼ਾਨ, ਮੰਗੋਲੀਆ ਦਾ ਤਾਨਾਸ਼ਾਹ ਸ਼ਾਸਕ
**ਹਲਾਕੂ** : ਹਾਲਕੂ ਖ਼ਾਨ, ਮੰਗੋਲੀਆ ਦਾ ਤਾਨਾਸ਼ਾਹ ਸ਼ਾਸਕ
**ਮੁੱਲਾਂ** : ਕੀਮਤਾਂ, Values

## ਰਾਜਨੀਤਕ ਨੇਤਾ

ਉਸ ਨੂੰ
ਆਪਣਾ ਚਿਹਰਾ,
ਦਿਖਾਈ ਨਹੀਂ ਦਿੰਦਾ–

ਨਾ ਸ਼ੀਸ਼ੇ ਵਿੱਚ,
ਨਾ ਲੋਕਾਂ ਵਿੱਚ!

*ਅਸਤਿ,

ਜੀਵਨ-ਸ਼ੈਲੀ ਬਣ ਜਾਂਦਾ ਹੈ
ਤੇ ਚਿਹਰਾ ਮਖੌਟਾ :

ਥਿਰ ਹੋਈ,
ਵੇਸ਼ੀਆਈ ਮੁਸਕਾਨ!!!

***ਸ਼ਬਦ ਸੰਕੇਤ***

**ਅਸਤਿ** : ਜੁ ਸੱਚ ਨਾ ਹੋਵੇ

## ਵੈਕਸੀਨ ਦੀ ਉਡੀਕ ਵਿੱਚ : ਐਬਸਰਡ ਨਾਟਕ

'ਸਨਿੱਚਰਵਾਰ' ਨੂੰ,
'ਐਤਵਾਰ' ਦੀ ਉਡੀਕ।

'ਸ਼ੁੱਕਰਵਾਰ' ਨੂੰ,
ਹਫ਼ਤੇ ਦੀ ਛੁੱਟੀ।

ਤਾਸ਼ ਦੇ ਪੱਤਿਆਂ ਵਾਂਗ,
ਦਿਨਾਂ ਨੂੰ ਫੈਂਟਦੇ,
ਜ਼ਿੰਦਗੀ ਬੀਤ ਰਹੀ ਹੈ।

ਨਾ ਦਿਨ ਚੜ੍ਹੇ: ਧੁੱਪ।
ਨਾ ਰਾਤ ਪਏ: ਅਨ੍ਹੇਰਾ।

ਕੋਰੋਨਾ-ਕਾਲ ਦੇ
ਲੌਕਡਾਊਨ ਹੇਠ,
ਸੌਲੀਟੇਅਰ ਖੇਡਦੇ,
ਬੋਰ ਹੋ ਰਹੇ ਹਾਂ!

ਖਾਲੀ ਹਾਂਡੀ ਵਿੱਚ,
ਉਬਾਲ ਦੀ ਉਡੀਕ!!!

ਮੂੰਹ 'ਤੇ ਮਾਸਕ,
ਹੱਥਾਂ 'ਤੇ ਸੈਨੇਟਾਈਜ਼ਰ,
ਆਪਣੇ ਆਪ ਤੋਂ ਵੀ,
ਛੇ ਫੁੱਟ ਦਾ ਫ਼ਾਸਲਾ...

ਵੈਕਸੀਨ ਦੀ ਉਡੀਕ ਵਿੱਚ,
ਲਗਾਤਾਰ ਬੇਅਰਥ ਹੋ ਰਹੇ,
ਐਬਸਰਡ ਨਾਟਕ ਬਣ ਗਏ ਹਾਂ!!!

### *ਸ਼ਬਦ ਸੰਕੇਤ*

**ਕੋਰੋਨਾ-ਕਾਲ** : Corona-Age
**ਲੌਕਡਾਊਨ** : Lockdown, ਤਾਲਾਬੰਦੀ,
**ਸੌਲੀਟੇਅਰ** : Solitaire, ਇਕੱਲ-ਖੇਡ,
**ਬੋਰ ਹੋ ਰਹੇ** : Bore, ਅੱਕ ਰਹੇ
**ਹਾਂਡੀ** : ਤੌੜੀ
**ਮਾਸਕ** : Mask
**ਸੈਨੇਟਾਈਜ਼ਰ** : Sanitizer
**ਐਬਸਰਡ ਨਾਟਕ** : Absurd Play, ਊਲ ਜਲੂਲ ਨਾਟਕ

## ਸਿਆਸੀ ਦੰਗਲ

'ਦੀਦੀ' ਨੇ ਫੇਰ ਇਕ
'ਭਈਆ' ਢਾਹ ਲਿਆ।

ਜ਼ਮੀਨ ਨੇ ਫੇਰ ਇਕ
ਅਸਮਾਨ ਖਾ ਲਿਆ!!!

***ਸ਼ਬਦ ਸੰਕੇਤ***

ਉਰਦੂ ਭਾਸ਼ਾ ਦਾ ਇਕ ਸ਼ਿਅਰ :

ਜ਼ਮੀਂ ਖਾ ਗਈ,
ਆਸਮਾਂ ਕੈਸੇ ਕੈਸੇ –

## ਖੋਤਾ ਖੂਹ ਵਿੱਚ

ਭਾਰਤ ਦੀ ਆਬਾਦੀ:
ਗਣਿਤ ਦਾ ਉਹ ਸੂਤਰ,
ਜਿਸ ਵਿੱਚ 'ਘਟਾਓ' ਬੇਅਰਥ,
'ਗੁਣਾ' ਸਿੱਕੇ ਵਾਂਗ ਚੱਲਦਾ ਹੈ।

ਆਬਾਦੀ ਵਾਂਗ ਹੀ,
*ਕੋਰੋਨਾ ਦੇ ਵੇਰੀਐਂਟ,
ਕਹਿਰ ਮਚਾ ਰਹੇ ਹਨ।

ਬੋਝ ਹੇਠ,
ਟੁੱਟ, ਤਿੜਕ ਰਹੇ ਹਸਪਤਾਲ,
ਮਰੀਜ਼ਾਂ ਨੂੰ, ਬਾਹਰੋਂ ਹੀ,
ਸਿਵਿਆਂ ਦਾ ਰਸਤਾ ਵਿਖਾ ਰਹੇ ਹਨ।

ਸਿਵਿਆਂ ਦਾ ਕਾਰੋਬਾਰ ਵੀ,
ਪਾਰਕਾਂ ਤੇ ਖਾਲ਼ੀ ਥਾਵਾਂ ਵਿੱਚ,
ਫੈਲ ਰਿਹਾ ਹੈ!

ਕਬਰਾਂ ਧਰਤੀ ਦੇ ਹੇਠਾਂ,
ਮੰਜ਼ਲ ਦਰ ਮੰਜ਼ਲ,
ਜਗ੍ਹਾ ਬਣਾ ਰਹੀਆਂ ਹਨ।

ਵੈਕਸੀਨ, ਵੈਂਟੀਲੇਟਰ, ਆਕਸੀਜਨ
ਤੇ ਸਿਹਤ-ਕਾਮਿਆਂ ਦੀ ਕਮੀਂ,
ਭਾਰਤੀ ਯੋਜਨਾ ਤੇ ਸੋਚ-ਪ੍ਰਬੰਧ ਉੱਤੇ,
ਸਵਾਲੀਆ ਨਿਸ਼ਾਨ ਲਗਾ ਰਹੀ ਹੈ???

ਲੋਕ ਕਹਿੰਦੇ ਹਨ:
'ਜਾਦੂ ਦੀ ਛੜੀ ਸੀ, ਉਹ
ਮੋਦੀ ਕਿੱਧਰ ਗਿਆ???'

ਸਮਾਂ ਹੱਸਦਾ ਤੇ ਕਹਿੰਦਾ ਹੈ:

'ਖੋਤਾ ਖੂਹ ਵਿੱਚ ਡਿਗ ਪਿਆ।"

'ਮਨ ਕੀ ਬਾਤ ਦਾ,
ਤਨ ਕੀ ਬਾਤ ਵਿੱਚ,

ਕਚੂਮਰ ਨਿਕਲ ਗਿਆ!!!'

'ਖੋਤਾ ਖੂਹ ਵਿੱਚ ਡਿਗ ਪਿਆ!!!'

***ਸ਼ਬਦ ਸੰਕੇਤ***

**ਕੋਰੋਨਾ ਵੈਰੀਐਂਟ** : Corona Variants, ਮਿਊਟੇਸ਼ਨ ਨਾਲ, ਕੋਰੋਨਾ ਵਾਇਰਸ ਦੇ ਬਦਲੇ ਹੋਏ ਘਾਤਕ ਰੂਪ।

## ਸ਼ਾਸਕ ਭਵਨ ਦਾ ਗੰਗਾ ਰਾਮ

ਨਾ ਪੁੱਤ, ਨਾ ਧੀ,
ਛੜਾ ਛੜਾਂਗ ਸ਼ਾਸਕ,
ਵੈਕਸੀਨ ਲਗਵਾ ਕੇ,
ਮਸਤੀਆਂ ਕਰ ਰਿਹਾ!!!

ਲੋਕ ਬੀਮਾਰ,
ਕਿਸਾਨ ਅਵਾਜ਼ਾਰ!

ਹਰ ਤਰਫ਼ ਲੌਕ ਡਾਊਨ...

ਬੇਬਾਕ ਹੀ ਬੇਕਾਰ,
ਹਾਹਾਕਾਰ!!!

ਸ਼ਾਸਕ ਦਾ ਗੰਗਾ ਰਾਮ,
ਮਿੱਠੀ ਚੂਰੀ ਖਾ ਰਿਹਾ!!!

ਕਰੋੜਾਂ ਰੁਪਏ ਦੀ ਲਾਗਤ,
ਤੋਂ ਬਣ ਰਹੇ,
ਨਵੇਂ ਸ਼ਾਸਕ-ਮਹਿਲ ਨੂੰ,
ਪਾਰਟੀ ਦੇ ਸਭ ਤੋਤੇ,
ਨਤਮਸਤਕ ਹੋ ਰਹੇ!!!

ਯੋਜਨਾ-ਹੀਣ ਤੇ ਅਰਾਜਕ ਰਾਜ-ਪ੍ਰਬੰਧ:
ਕਿਤੇ ਆਕਸੀਜਨ ਮੁੱਕ ਰਹੀ,
ਕਿਤੇ ਦਵਾਈਆਂ, ਕਿਤੇ ਵੈਕਸੀਨ
ਤੇ ਕਿਤੇ ਜੀਣ ਲਈ ਥਾਂ...

ਹਸਪਤਾਲ ਫੁੱਲ,
ਸਿਵਿਆਂ ਦਾ ਕਾਰੋਬਾਰ ਚੱਲ ਰਿਹਾ!!!

ਸ਼ਾਸਕ ਭਵਨ ਵਿੱਚ ਰਾਮ ਰਾਜ,
'ਸਦਾ ਬਹਾਰ'
ਗੰਗਾ ਰਾਮ ਦੀ ਜੈ-ਜੈਕਾਰ!!!

## ਸਜ਼ਾ ਦੇ ਸਰਾਪ : ਮੋਦੀ ਤੇ ਕੈਪਟਨ ਦੇ ਨਾਂ

ਮੋਦੀ ਨੂੰ,
ਅਸੀਮ ਸੱਤਾ ਦੇ ਹੰਕਾਰ ਦਾ ਨਸ਼ਾ ਹੈ,
ਘੁਣ-ਰੋਗ ਵਰਗਾ,
ਜੁ ਮਾਨਵ ਨੂੰ,
ਅੰਦਰੇ ਅੰਦਰ ਖੋਖਲਾ ਕਰ ਦਿੰਦਾ ਹੈ।
ਕੈਪਟਨ ਨੂੰ,
ਘਰ-ਰੋਗ ਹੈ,
ਦੇਸ਼ ਵਿੱਚ, ਦੇਸ਼-ਨਿਕਾਲੇ ਵਰਗਾ!!!

ਕੋਰੋਨਾ ਮਰਜ਼,
ਆਰ ਜਾਂ ਪਾਰ ਵਾਲੀ ਗੱਲ ਹੈ!

ਘਰ-ਰੋਗ :

ਧੀਮੀਂ ਮੌਤ ਵਰਗਾ ਹੈ-
ਨਾ ਮਰਨ ਦਿੰਦਾ ਹੈ, ਨਾ ਜਿਊਣ!!!

ਇਹ ਦੋਵੇਂ ਰੋਗ,
ਸਜ਼ਾ ਵੀ ਹਨ ਤੇ ਸਰਾਪ ਵੀ!!!

***ਸ਼ਬਦ ਸੰਕੇਤ***

**ਧੀਮੀਂ ਮੌਤ** : Slow Death

## ਲੋਕ-ਰਾਜ ਫਿਰ ਸੇਲ ਦੇ ਉੱਤੇ: ਪੰਜਾਬ ਦਾ ਚੋਣ-ਦੰਗਲ

ਬੁੱਢੀਆਂ ਹੋ, ਹੋ ਤੁਰ ਗਈਆਂ, ਕਈ
ਪੱਤਰਕਾਰਨੀਆਂ!
ਨਵੀਂ ਪੀੜ੍ਹੀ ਦੇ ਪੱਤਰਕਾਰਾਂ,
ਚੋਣਾਂ ਦੇ ਰਣ-ਖੇਤਰ ਵਿੱਚ, ਫਿਰ
ਟਾਹਰਾਂ ਮਾਰਨੀਆਂ!

ਸੱਤਾ ਅਤੇ ਵਿਰੋਧੀ ਧਿਰਾਂ ਹੀ,
ਦੰਗਲ ਵਿੱਚ ਭਲਵਾਨ।
ਨਾਲ ਮਖੌਟੇ, ਲੜੇ ਮਖੌਟਾ,
ਜਨਤਾ ਵਿੱਚ ਘਮਸਾਣ!

ਪਰ ,,,
ਵਿਦੂਸ਼ਕ ਆਖੇ:

"ਸੱਤਾ, ਮਖੌਟਿਆਂ ਦਾ ਖੇਲ,
ਇਕ ਭਰਮ-ਨਾਟਕ ਹੈ,
ਜਨਤਾ ਜਿਸ ਵਿੱਚ,
ਐਕਸਟਰਾ ਦਾ ਰੋਲ
ਅਦਾ ਕਰਦੀ ਹੈ।

ਇਸ ਨਾਟਕ ਵਿੱਚ,
ਜਨਤਾ ਤਾਂ ਇਕ ਭੀੜ ਹੁੰਦੀ ਹੈ
ਤੇ ਭੀੜ ਦਾ ਕੋਈ ਚਿਹਰਾ ਨਹੀਂ ਹੁੰਦਾ।

ਮੀਡੀਆ ਵੀ ਭਾੜੇ ਦਾ ਧੂਤੂ,
ਲਾਊਡ ਸਪੀਕਰ!!!!"

ਵੋਟਾਂ ਵੇਲੇ, ਰਾਏ ਬਨਾਉਣ ਲਈ,
ਜਨਤਾ ਨਿਰਭਰ ਮੀਡੀਆ ਉੱਤੇ .
ਜਾਂ ਰਿਸ਼ਵਤ ਜਾਂ ਕਿਸੇ ਦਬਾਅ ਵਿੱਚ,
ਬਾਰ ਬਾਰ ਇਹ ਬਾਜ਼ੀ ਹਾਰੇ !

॥ ਰਹਾਓ ॥

ਸੱਤਾ ਤੇ ਸੱਤਾ-ਦਾਤਾ ਵਿੱਚ,
ਖੇਡ ਹੈ ਇਹ ਸਵਾਰਥ ਦਾ।
ਖਪਤ-ਕਲਚਰ ਦੇ ਏਸ ਦੌਰ ਵਿੱਚ,
ਹਰ ਕੋਈ ਵਿਕ, ਖਰੀਦ ਰਿਹਾ !

ਭ੍ਰਿਸ਼ਟ ਸੋਚ ਤੇ ਭ੍ਰਿਸ਼ਟ ਕਰਮ ਹੈ,
ਭ੍ਰਿਸ਼ਟ ਹੋਈ ਸਿਆਸਤ ਸਾਡੀ,
ਭ੍ਰਿਸ਼ਟ ਹੋਇਆ ਮੱਤ-ਦਾਨ,
ਭ੍ਰਿਸ਼ਟ ਗੌਡ, ਖ਼ੁਦਾ, ਭਗਵਾਨ।

ਜਨਤਾ, ਜਨਤਾ, ਜਨਤਾ .

ਆਪਣੇ ਹਿਤ ਪਛਾਣ ਨਾ ਸਕੇ,
ਅੰਨ੍ਹੀ, ਗੂੰਗੀ, ਬੋਲੀ ਜਨਤਾ -

74 ਸਾਲ ਤੋਂ, ਗੰਧਲੀ ਸਿਆਸਤ
ਦੇ ਨਾਟਕ ਦਾ ਭਾਗ ਬਣੀ !

ਸਾਰਾ ਸਾਲ ਜੁ ਹੱਕਾਂ ਦੇ ਲਈ,
ਨਾਅਰੇ ਲਾਵਣ, ਧਰਨੇ ਦੇਵਣ,
ਵੋਟਾਂ ਪਾਉਣ ਸਮੇਂ ਹੀ ਕਿਉਂ ਉਹ,
ਜਾਗ ਨਹੀਂ ਸਕਦੇ,
ਸੌਂ ਜਾਂਦੇ ਨੇ???

ਚੋਣ-ਦੰਗਲ ਦਾ ਸਿਆਸੀ ਨਾਟਕ !!!
ਪਿੱਠਭੂਮੀ 'ਚੋਂ ਆਉਣ ਆਵਾਜ਼ਾਂ:

"ਲੋਕ-ਰਾਜ ਫਿਰ ਸੇਲ ਦੇ ਉੱਤੇ"

"ਲੋਕ-ਰਾਜ ਫਿਰ ਸੇਲ ਦੇ ਉੱਤੇ"

"ਲੋਕ-ਰਾਜ ਫਿਰ ਸੇਲ ਦੇ ਉੱਤੇ"

## ਸਾਡਾ ਲੋਕ-ਰਾਜ: ਰਿਸ਼ਵਤ ਦੀ ਜੀਵਨ-ਸ਼ੈਲੀ

(ਪੰਜਾਬ ਵਿੱਚ 2021 ਦੇ ਚੋਣ–ਦੰਗਲ ਦੇ ਸੰਦਰਭ ਵਿੱਚ)

ਰਿਸ਼ਵਤ ਵੀ ਸਰਕਾਰੀ ਹੋ ਗਈ,
ਰਿਸ਼ਵਤ ਚੋਣ–ਨਿਸ਼ਾਨ।
ਰਿਸ਼ਵਤ ਹੀ ਹੈ ਮੈਨੀਫੈਸਟੋ,
ਰਿਸ਼ਵਤ, ਗਣਤੰਤਰ–ਪਹਿਚਾਣ!

ਘਰ ਤੋਂ ਤੁਰਦੀ ਇਹ ਕਹਾਣੀ,
ਟੱਬਰ ਵਿੱਚ ਪਹਿਚਾਣ!
ਨਿੱਕੇ ਨਿੱਕੇ ਲਾਲਚ ਦੇ ਕੇ,
ਬੱਚਿਆਂ ਨੂੰ ਭਰਮਾਨ!

ਕਿਤੇ ਸਿਫ਼ਾਰਿਸ਼,, ਕਿਧਰੇ ਵੱਢੀ,
ਪੌੜੀ ਚੜ੍ਹਦਾ ਹੈ ਇਨਸਾਨ।
ਬੱਚੇ ਡਿਗਰੀਆਂ, ਨੌਕਰੀਆਂ ਲੈਂਦੇ,
ਮਾਪਿਆ ਤੋਂ ਅੱਗੇ ਲੰਘ ਜਾਣ।

ਧਰਨੇ ਤੇ ਹੜਤਾਲ਼ਾਂ ਦੇ ਵਿੱਚ,
ਬਲੈਕਮੇਲ ਦਾ ਸਭ ਸਾਮਾਨ।
ਪੁਤਲੇ ਫੂਕਣ, ਨਾਅਰੇ ਲਾਵਣ,
ਸ਼ਰਮਸਾਰ ਹੋਇਆ ਭਗਵਾਨ।

ਸੜਕਾਂ ਰੋਕਣ, ਰੇਲਾਂ ਰੋਕਣ,
ਅਰਾਜਕਤਾ ਹੋਈ ਪ੍ਰਧਾਨ।
ਤੋਪ ਪਾਣੀ ਦੀ, ਲਾਠੀ ਚਾਰਜ,
ਨਾਟਕ ਦਾ ਸਾਜ਼ੋ ਸਾਮਾਨ।

ਸ਼ਾਤਮਈ ਦਲੀਲ ਨਾ ਚੱਲੇ,
ਲਾਕਾਨੂੰਨੀ ਭੋਂ, ਅਸਮਾਨ!

ਧਰਮ–ਦਵਾਰੇ ਸ਼ਰਮਿੰਦਾ ਤੇ
ਪਲੀਤ ਹੋਏ ਸਭ ਕੌਮ–ਨਿਸ਼ਾਨ।

ਤਾਰੋ ਤਾਰ ਕਾਇਦੇ ਕਾਨੂੰਨ,
ਸ਼ਰਮਸਾਰ ਸਾਡਾ ਸੰਵਿਧਾਨ।
ਧਰਮ ਕਰਮ ਸਭ ਛੁਪ ਖਲੋਏ,
ਅਗਧ ਪੜ੍ਹੇ ਸ਼ੈਤਾਨ!

ਚੋਣਾਂ ਦਾ ਮੱਛੀ–ਬਾਜ਼ਾਰ,
ਚੜ੍ਹ, ਚੜ੍ਹ ਬੋਲੀ ਲਾਣ।
ਰਿਸ਼ਵਤ, ਨਸ਼ੇ ਦੀ ਗੋਲੀ, ਦੇ ਕੇ,
ਜਾਗ ਰਹੇ ਮਨ, ਫੇਰ ਸੁਆਣ।

ਵਿਕਣ, ਖ਼ਰੀਦਣ ਵਿੱਚ ਰੁੜ੍ਹ ਗਏ ਨੇ,
ਏਸ ਸਦੀ ਦੇ ਸਭ ਇਨਸਾਨ।
ਆਪਣੇ ਹੀ ਘਰ 'ਤੇ ਢੱਠਾ ਹੈ,
ਆਪਣਾ ਹੀ ਅਸਮਾਨ!!!

॥ ਰਹਾਓ ॥

ਚੇਤੰਨ ਵੋਟਾਂ ਜਦੋਂ ਬਣਦੀਆਂ,
ਹੱਕਾਂ ਦੀ ਪਹਿਚਾਣ!
ਲੋਕ–ਰਾਜ ਫਿਰ ਘਰ, ਘਰ ਆਵੇ,
ਸੰਤਰੀ, ਮੰਤਰੀ ਤੇ ਦਰਬਾਨ!!!

# ਅੰਤਿਕਾ



## ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ

1. ਦਿਲ ਦਰਿਆ ਸਮੁੰਦਰੋਂ ਡੂੰਘੇ – ਧਨਪਤ ਰਾਏ ਐਂਡ ਸਨਜ਼, ਜਲੰਧਰ-1961
2. ਬੁੱਕਲ ਦੇ ਵਿਚ ਚੋਰ- ਹਿੰਦ ਪਬਲਿਸ਼ਰਜ਼, ਜਲੰਧਰ-1963
3. ਬਿੰਦੂ – ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ-1965
4. ਮੌਨ ਹਾਦਸੇ- ਰਾਜ ਰੂਪ ਪ੍ਰਕਾਸ਼ਨ, ਜਲੰਧਰ-1967
5. ਦਿਲ-ਟ੍ਰਾਂਸਪਲਾਂਟ ਤੋਂ ਬਾਅਦ- ਨਿਊ ਬੁਕ ਕੰਪਨੀ, ਜਲੰਧਰ-1969
6. ਸ਼ਹਿਰ ਜੰਗਲੀ ਹੈ- ਨਿਊ ਬੁਕ ਕੰਪਨੀ, ਜਲੰਧਰ-1970
7. ਮੇਰੇ ਮੌਸਮ ਦੀ ਵਾਰੀ- ਨਿਊ ਬੁਕ ਕੰਪਨੀ, ਜਲੰਧਰ-1972
8. ਜਲ ਭਰਮ-ਜਲ- ਕੇ. ਲਾਲ ਐਂਡ ਕੰਪਨੀ, ਜਲੰਧਰ-1976
9. ਚਿੱਟੇ ਕਾਲੇ ਧੱਬੇ- ਕੇ. ਲਾਲ ਐਂਡ ਕੰਪਨੀ, ਜਲੰਧਰ-1978
10. ਸੀਮਾਂ ਆਕਾਸ਼- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ-1980
11. ਸ਼ੀਸ਼ੇ 'ਤੇ ਦਸਤਕ- ਨਵਯੁੱਗ ਪਬਲਿਸ਼ਰਜ਼, ਦਿੱਲੀ-1983
12. ਆਪਣੇ ਖ਼ਿਲਾਫ਼- ਨਵਯੁੱਗ ਪਬਲਿਸ਼ਰਜ਼, ਦਿੱਲੀ-1986
13. ਸੂਰਜ ਤੇਰਾ ਮੇਰਾ- ਨੈਸ਼ਨਲ ਬੁਕ ਸ਼ਾਪ, ਦਿੱਲੀ1989
14. ਗੰਢਾਂ- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ-1993
15. ਸ਼ਬਦੋਂ ਪਾਰ- ਨੈਸ਼ਨਲ ਬੁਕ ਸ਼ਾਪ, ਦਿੱਲੀ-1999
16. ਪੱਤਰ ਤੇ ਦਰਿਆ- ਨੈਸ਼ਨਲ ਬੁਕ ਸ਼ਾਪ, ਦਿੱਲੀ-2003
17. ਛਾਵਾਂ ਤੇ ਪਰਛਾਵੇਂ- ਨੈਸ਼ਨਲ ਬੁਕ ਸ਼ਾਪ, ਦਿੱਲੀ-2007
18. ਬਾਜ਼ ਦੀ ਨਜ਼ਰ- ਨੈਸ਼ਨਲ ਬੁਕ ਸ਼ਾਪ, ਦਿੱਲੀ-2010
19. ਨਵੀਂ ਸਦੀ ਦੀ ਨਵੀਂ ਨਸਲ- ਨੈਸ਼ਨਲ ਬੁਕ ਸ਼ਾਪ, ਦਿੱਲੀ-2013
20. ਸ਼ਬਦਾਂ ਦੇ ਚਿਹਰੇ- ਨੈਸ਼ਨਲ ਬੁਕ ਸ਼ਾਪ, ਦਿੱਲੀ-2014
21. ਨਿਹੋਂਦ ਦਾ ਗੀਤ- ਨੈਸ਼ਨਲ ਬੁਕ ਸ਼ਾਪ, ਦਿੱਲੀ-2015
22. ਫੇਸਬੁੱਕ ਕਵਿਤਾ- ਨੈਸ਼ਨਲ ਬੁਕ ਸ਼ਾਪ, ਦਿੱਲੀ-2018
23. ਮੈਂ-ਕਾਲ : ਤ੍ਰੈਕਾਲ- ਨੈਸ਼ਨਲ ਬੁਕ ਸ਼ਾਪ, ਦਿੱਲੀ-2019
24. ਪਾਰ ਗਾਥਾ- ਨੈਸ਼ਨਲ ਬੁਕ ਸ਼ਾਪ, ਦਿੱਲੀ-2020
25. ਦਰਪਨ ਤੇ ਦਰਸ਼ਨ- ਨੈਸ਼ਨਲ ਬੁਕ ਸ਼ਾਪ, ਦਿੱਲੀ-2021
26. ਸੁਕਰਾਤ ਦਾ ਗੀਤ- ਐਵਿਸ ਪਬਲੀਕੇਸ਼ਨ, ਦਿੱਲੀ-2022

### ਕਵਿਤਾ ਦੇ ਸਮੁੱਚੇ ਸੰਗ੍ਰਹਿ (**Collected works**)

1. ਅਕੱਥ ਕਥਾ (1955 ਤੋਂ 1966, ਭਾਰਤ)
   -ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1988
   ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ 2005

2. ਵਣ ਵਾਣੀ (1967 ਤੋਂ 1974, ਕੀਨੀਆ)
-ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1988
ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ 2005

3. ਪਿਆਸਾ ਬੱਦਲ (1974 ਤੋਂ 1986 ਕੈਨੇਡਾ)
-ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1990
ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ 2005

4. ਸ਼ਬਦ ਸਾਗਰ (1986 ਤੋਂ 2003 ਕੈਨੇਡਾ)
-ਨੈਸ਼ਨਲ ਬੁਕ ਸ਼ਾਪ, ਦਿੱਲੀ 2004

5. ਪਿੰਡ ਬ੍ਰਹਮੰਡ (2003 ਤੋਂ 2014 ਕੈਨੇਡਾ)
-ਨੈਸ਼ਨਲ ਬੁਕ ਸ਼ਾਪ, ਦਿੱਲੀ 2015

## ਅੰਗਰੇਜ਼ੀ ਵਿਚ

Restless Soul—Indo-Candian Publishers,
Surrey, B.C. Canada-1978
Second Edition—National Book Shop, Delhi-2008

## ਹਿੰਦੀ ਵਿਚ

1. ਸੂਰਯ ਕਾ ਤਕੀਆ- ਪ੍ਰਤੀਕ ਪਬਲੀਕੇਸ਼ਨਜ਼, ਲੁਧਿਆਣਾ-1998
-ਦੂਜਾ ਐਡੀਸ਼ਨ- ਨੈਸ਼ਨਲ ਬੁਕ ਸ਼ਾਪ, ਦਿੱਲੀ-2009

## ਪਾਕਿਸਤਾਨ ਵਿਚ

1. ਗਾਂਢਾਂ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
-ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ 1999
2. ਸ਼ਬਦੋਂ ਪਾਰ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
- ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ 1999
3. ਹੀਰਿਆਂ ਦਾ ਚੋਗ ਚੋਣਵੀਂ ਕਵਿਤਾ ਦਾ ਸੰਗ੍ਰਹਿ 1974-1989 (ਸ਼ਾਹਮੁਖੀ ਲਿੱਪੀ ਵਿਚ)
-ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ 2002
4. ਪੱਤਰ ਤੇ ਦਰਿਆ (ਸ਼ਾਹਮੁਖੀ ਲਿੱਪੀ ਵਿਚ)
ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ 2005
5. ਸ਼ਬਦਾਂ ਦੇ ਚਿਹਰੇ (ਸ਼ਾਹਮੁਖੀ ਲਿੱਪੀ ਵਿਚ)
ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016

6. ਨਿਹੋਂਦ ਦਾ ਗੀਤ (ਸ਼ਾਹਮੁਖੀ ਲਿੱਪੀ ਵਿਚ)
ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016
7. ਨਵੀਂ ਸਦੀ ਦੀ ਨਵੀਂ ਨਸਲ (ਸ਼ਾਹਮੁਖੀ ਲਿੱਪੀ ਵਿਚ)
ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2017
8. ਦਰਪਨ ਤੇ ਦਰਸਨ (ਸ਼ਾਹਮੁਖੀ ਲਿੱਪੀ ਵਿੱਚ)
ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2021

## ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ

1. "ਬੀਮਾਰ ਸਦੀ" -ਮੁਹਿੰਦਰ ਪਾਲ ਪਬਲਿਸ਼ਰਜ਼, ਜਲੰਧਰ -1974
2. "ਦਰ ਦੀਵਾਰਾਂ"- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ -1981
3. "ਅੱਧੀ ਰਾਤ ਦੁਪਹਿਰ" -ਨਵਯੁੱਗ ਪਬਲਿਸ਼ਰਜ਼, ਦਿੱਲੀ -1983
4. "ਚੌਕ ਨਾਟਕ" -ਨਵਯੁੱਗ ਪਬਲਿਸ਼ਰਜ਼, ਦਿੱਲੀ -1984
(ਦੂਜਾ ਐਡੀਸ਼ਨ) -ਚੇਤਨਾ ਪ੍ਰਕਾਸ਼ਨ, ਲੁਧਿਆਣਾ -2002
5. "ਰੂਹ ਪੰਜਾਬ ਦੀ" -ਦੀਪਕ ਪਬਲਿਸ਼ਰਜ਼, ਜਲੰਧਰ -1984
(ਦੂਜਾ ਐਡੀਸ਼ਨ) -ਚੇਤਨਾ ਪ੍ਰਕਾਸ਼ਨ, ਲੁਧਿਆਣਾ -2002
6. "ਸਿਫ਼ਰ ਨਾਟਕ" -ਰਵੀ ਸਹਿਤ ਪ੍ਰਕਾਸ਼ਨ, ਅੰਮ੍ਰਿਤਸਰ -1987
(ਦੂਜਾ ਐਡੀਸ਼ਨ) -ਚੇਤਨਾ ਪ੍ਰਕਾਸ਼ਨ, ਲੁਧਿਆਣਾ -2002
7. "ਤਿੰਨ ਨਾਟਕ" -ਨੈਸ਼ਨਲ ਬੁਕ ਸ਼ਾਪ, ਦਿੱਲੀ -1990
(ਦੂਜਾ ਐਡੀਸ਼ਨ) -ਚੇਤਨਾ ਪ੍ਰਕਾਸ਼ਨ, ਲੁਧਿਆਣਾ- 2002
8. "ਮਨ ਦੇ ਹਾਣੀ" -ਨੈਸ਼ਨਲ ਬੁਕ ਸ਼ਾਪ, ਦਿੱਲੀ -2005
9. "ਮਖੌਟੇ ਤੇ ਹਾਦਸੇ" -ਨੈਸ਼ਨਲ ਬੁਕ ਸ਼ਾਪ, ਦਿੱਲੀ -2009
10. "ਚੱਕ੍ਰਵਯੂਹ ਤੇ ਪਿਰਾਮਿਡ"- ਨੈਸ਼ਨਲ ਬੁਕ ਸ਼ਾਪ, ਦਿੱਲੀ- 2010
11. "ਆਪੋ ਆਪਣੇ ਦਰਿਆ" -ਨੈਸ਼ਨਲ ਬੁਕ ਸ਼ਾਪ, ਦਿੱਲੀ- 2015
12. "ਹੋਂਦ ਨਿਹੋਂਦ" -ਨੈਸ਼ਨਲ ਬੁਕ ਸ਼ਾਪ, ਦਿੱਲੀ -2016
13. "ਪਰਤੱਖ ਤੋਂ ਅਗਾਂਹ" (ਦੋ ਕਾਵਿ-ਨਾਟਕ : "ਭਰਮ-ਜਲ" ਅਤੇ "ਸਿਆਸੀ ਦੰਦ-ਕਥਾ") -ਨੈਸ਼ਨਲ ਬੁਕ ਸ਼ਾਪ, ਦਿੱਲੀ -2017

### ਥੀਮਕੀ ਤਿੱਕੜੀ (Thematic Trilogy)

1. **"ਸੂਰਜ ਨਾਟਕ"** (ਬੀਮਾਰ ਸਦੀ, ਦਰ ਦੀਵਾਰਾਂ ਤੇ ਅੱਧੀ ਰਾਤ ਦੁਪਹਿਰ)
-ਨਵਯੁੱਗ ਪਬਲਿਸ਼ਰਜ਼, ਦਿੱਲੀ 1985
(ਦੂਜਾ ਐਡੀਸ਼ਨ) ਚੇਤਨਾ ਪ੍ਰਕਾਸ਼ਨ, ਲੁਧਿਆਣਾ 2002
2. **''ਨਾਟਕ ਤੇ ਰੰਗਮੰਚ : ਦੋ ਨਾਟਕ ਤੇ ਰੰਗਮੰਚ''**
-ਨੈਸ਼ਨਲ ਬੁਕ ਸ਼ਾਪ, ਦਿੱਲੀ-2014
3. **''ਦਰ ਦੀਵਾਰਾਂ ਤੇ ਸਿਆਸੀ ਚੰਦ-ਕਥਾ : ਮੂਲ ਪਾਠ ਅਤੇ ਰੰਗਮੰਚਕੀ ਵੇਰਵੇ''**
-ਨੈਸ਼ਨਲ ਬੁਕ ਸ਼ਾਪ, ਦਿੱਲੀ-2019

4. "ਚੌਂਕ ਨਾਟਕ ਤੇ ਸਿਫ਼ਰ ਨਾਟਕ : ਮੂਲ ਪਾਠ ਅਤੇ ਰੰਗਮੰਚਕੀ ਵੇਰਵੇ"
-ਨੈਸ਼ਨਲ ਬੁਕ ਸ਼ਾਪ, ਦਿੱਲੀ-2020

## ਕਾਵਿ-ਨਾਟਕਾਂ ਦੇ ਸਮੁੱਚੇ ਸੰਗ੍ਰਹਿ

1. "ਮੰਚ ਨਾਟਕ" (197490) ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1993
2. "ਮੇਰੇ ਕਾਵਿ-ਨਾਟਕ-1" : ਸੈਂਚੀ ਪਹਿਲੀ (1974-1983)
- ਨੈਸ਼ਨਲ ਬੁਕ ਸ਼ਾਪ, ਦਿੱਲੀ- 2007
3. "ਮੇਰੇ ਕਾਵਿ-ਨਾਟਕ-2" : ਸੈਂਚੀ ਦੂਜੀ (1984-1987)
- ਨੈਸ਼ਨਲ ਬੁਕ ਸ਼ਾਪ, ਦਿੱਲੀ -2007
4. "ਮੇਰੇ ਕਾਵਿ-ਨਾਟਕ-3" : ਸੈਂਚੀ ਤੀਜੀ (1990-2005)
- ਨੈਸ਼ਨਲ ਬੁਕ ਸ਼ਾਪ, ਦਿੱਲੀ- 2007
5. "ਮੇਰੇ ਕਾਵਿ-ਨਾਟਕ-4" : ਸੈਂਚੀ ਚੌਥੀ (2008-2010)
- ਨੈਸ਼ਨਲ ਬੁਕ ਸ਼ਾਪ, ਦਿੱਲੀ-2013
6. "ਮੇਰੇ ਕਾਵਿ-ਨਾਟਕ-5" : ਸੈਂਚੀ ਪੰਜਵੀਂ (2015-2017)
- ਨੈਸ਼ਨਲ ਬੁਕ ਸ਼ਾਪ, ਦਿੱਲੀ- 2020

## ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕਾਂ ਦਾ ਸਮੁੱਚਾ ਸੰਗ੍ਰਹਿ :

1. "ਮੰਚ ਨਾਟਕ" (1974-1990)
- ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2001

## ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕ

1. "ਮਨ ਦੇ ਹਾਣੀ"
- ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2005

## ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ

| ਕਹਾਣੀ-ਸੰਗ੍ਰਹਿ | ਪ੍ਰਕਾਸ਼ਕ | ਪੰਨੇ |
|---|---|---|
| 1. ਚਰਾਵੀ | ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ<br>ਤਿੰਨ ਰੁਪਏ -1963<br>ਦੂਜਾ ਐਡੀਸ਼ਨ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ-2010 | 115 |
| 2. ਜੁਰਮ ਦੇ ਪਾਤਰ | ਨਿਊ ਬੁਕ ਕੰਪਨੀ, ਜਲੰਧਰ ਪੰਜ ਰੁਪਏ -1968<br>ਦੂਜਾ ਐਡੀਸ਼ਨ ਲੋਕਗੀਤ ਪ੍ਰਕਾਸ਼ਨ,<br>ਚੰਡੀਗੜ੍ਹ-2010 | 155 |
| 3. ਸ਼ਹਿਰ ਵਿਚ ਜੰਗਲ | ਰਾਜ ਰੂਪ ਪ੍ਰਕਾਸ਼ਨ, ਜਲੰਧਰ<br>ਪੰਜ ਰੁਪਏ1969<br>ਦੂਜਾ ਐਡੀਸ਼ਨ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ-2010 | 120 |
| 4. ਕੋਨ ਪ੍ਰਤੀਕੋਨ | ਹਜ਼ੂਰੀਆ ਪਬਲਿਸ਼ਰਜ਼ ਕੰਪਨੀ, ਜਲੰਧਰ<br>5.75 ਰੁਪਏ-1971<br>ਦੂਜਾ ਐਡੀਸ਼ਨ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ-2010 | 83 |
| 5. ਮੈਲੀ ਪੁਸਤਕ | ਮੁਹਿੰਦਰਪਾਲ ਪਬਲਿਸ਼ਿੰਗ, ਜਲੰਧਰ<br>ਅੱਠ ਰੁਪਏ -1973<br>ਦੂਜਾ ਐਡੀਸ਼ਨ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ-2010 | 96 |
| 6. ਜਿੱਥੇ ਦੀਵਾਰਾਂ ਨਹੀਂ | ਕੇ. ਲਾਲ. ਐਂਡ ਕੰਪਨੀ, ਜਲੰਧਰ<br>ਵੀਹ ਰੁਪਏ -1978<br>ਦੂਜਾ ਐਡੀਸ਼ਨ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 139 |
| 7. ਕੰਪਿਊਟਰ ਕਲਚਰ | ਨਵਯੁਗ ਪਬਲਿਸ਼ਰਜ਼, ਦਿੱਲੀ-6<br>ਪੈਂਤੀ ਰੁਪਏ -1985<br>ਦੂਜਾ ਐਡੀਸ਼ਨ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 128 |
| 8. ਆਪਣੇ ਆਪਣੇ ਟਾਪੂ | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>ਸੱਠ ਰੁਪਏ -1992<br>ਦੂਜਾ ਐਡੀਸ਼ਨ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ- 2010 | 120 |
| 9. ਗੋਰੀਆਂ ਸ਼ਹੀਦੀਆਂ | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>225 ਰੁਪਏ -2010 | 160 |

### ਸਮੁੱਚੇ ਕਹਾਣੀ-ਸੰਗ੍ਰਹਿ

| | | |
|---|---|---|
| 1. ਅਘਰਵਾਸੀ (1955-1983) | ਨਵਯੁਗ ਪਲਲਿਸ਼ਰਜ਼, ਦਿੱਲੀ-6<br>ਅੱਸੀ ਰੁਪਏ -1984 | 436 |
| 2. ਮੇਰੀ ਕਹਾਣੀ (1955-2005) | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>495 ਰੁਪਏ -2006 | 648 |
| 3. ਮੇਰੀਆਂ ਸਾਰੀਆਂ ਕਹਾਣੀਆਂ(1955-2010) | ਨੈਸ਼ਨਲ ਬੁਕ ਸ਼ਾਪ, ਦਿੱਲੀ-6- 2017 | |

## ਚੋਣਵੇਂ ਕਹਾਣੀ-ਸੰਗ੍ਰਹਿ

1. ਸਮੇਂ ਦੇ ਨਾਲ ਨਾਲ (1955-1989) ਨੈਸ਼ਨਲ ਬੁਕ ਸ਼ਾਪ, ਦਿੱਲੀ-6 140 ਰੁਪਏ -1989 322
2. ਖੰਭਾਂ ਵਾਲੇ ਪਿੰਜਰੇ (1955-2000) ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ 325 ਰੁਪਏ -2001 376
3. ਚੋਣਵੀਆਂ ਕਹਾਣੀਆਂ (ਇਸਤਰੀ-ਮਰਦ ਪ੍ਰਸੰਗ ਵਾਲੀਆਂ ਕਹਾਣੀਆਂ) ਕੁਕਨੁਸ ਪ੍ਰਕਾਸ਼ਨ, ਜਲੰਧਰ 75 ਤੇ 40 ਰੁਪਏ-2002 111
4. ਚੋਣਵੀਆਂ ਕਹਾਣੀਆਂ-2 (ਬ੍ਰਹਮੰਡਕ ਚੇਤਨਾ) ਕੁਕਨੁਸ ਪ੍ਰਕਾਸ਼ਨ, ਜਲੰਧਰ-2008
5. ਮੇਰੀਆਂ 55 ਚੋਣਵੀਆਂ ਕਹਾਣੀਆਂ ਐਵਿਸ ਪਬਲੀਕੇਸ਼ਨਜ -2022

## ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)

1. ਖੰਭਾਂ ਵਾਲੇ ਪਿੰਜਰੇ ਇਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਲਾਹੌਰ 450 ਰੁਪਏ -2000 432
2. ਵਗਦੇ ਦਰਿਆ (1967-2010) ਗੁਲਸ਼ਨ-ਏ-ਅਬਦ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ, -2018

## ਰਵਿੰਦਰ ਰਵੀ ਦੀਆਂ ਕਹਾਣੀਆਂ ਦੇ ਗਹਿਨ ਅਧਿਅਨ

1. *ਯੂਕਲਿਪਟਸ ਤੇ ਹੈਮਿੰਗਵੇ-ਨੈਸ਼ਨਲ ਬੁਕ ਸ਼ਾਪ, ਦਿੱਲੀ 112
   ਲੇਖਕ : ਡਾ. ਦੇਵਿੰਦਰ ਕੌਰ 35 ਰੁਪਏ -1989
2. **ਕਥਾ ਸਨਮੁਖ-ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ 168
   ਸੰਪਾ: ਰਵਿੰਦਰ ਰਵੀ140 ਰੁਪਏ -2001
3. ***ਕਥਾ ਸਨਮੁਖ-2 -ਨੈਸ਼ਨਲ ਬੁਕ ਸ਼ਾਪ, ਦਿੱਲੀ 204
   ਸੰਪਾ: ਰਵਿੰਦਰ ਰਵੀ350 ਰੁਪਏ -2012

* "ਅਨ੍ਹੇਰਾ ਯੂਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਦੇ ਗਹਿਨ ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

** "ਅਨ੍ਹੇਰਾ ਯੂਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਉੱਤੇ ਲਿਖੇ ਡਾ. ਦੇਵਿੰਦਰ ਕੌਰ ਦੇ ਗਹਿਨ ਅਧਿਅਨ ਅਤੇ "ਹਮ ਛਿਣ" ਕਹਾਣੀ ਤੇ ਉਸ ਉੱਤੇ ਲਿਖਿਆ ਡਾ. ਹਰਚੰਦ ਸਿੰਘ ਬੇਦੀ ਦਾ ਗਹਿਨ-ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

*** "ਕਥਾ ਸਨਮੁਖ-2" ਇਸ ਪੁਸਤਕ ਵਿਚ ਹੇਠ ਲਿਖੀਆਂ ਕਹਾਣੀਆਂ ਦੇ ਗਹਿਨ ਅਧਿਐਨ ਸ਼ਾਮਿਲ ਹਨ :

1. ਅਨ੍ਹੇਰਾ ਯੂਕਲਿਪਟਸ ਤੇ ਅੱਗ -ਡਾ. ਦੇਵਿੰਦਰ ਕੌਰ ਤੇ ਡਾ. ਵਨੀਤਾ
2. ਇਕ ਹੋਰ ਹੈਮਿੰਗਵੇ - ਡਾ. ਦੇਵਿੰਦਰ ਕੌਰ
3. ਹਮ ਛਿਣ -ਡਾ. ਹਰਚੰਦ ਸਿੰਘ ਬੇਦੀ
4. ਸ਼ਾਦੀ ਵੱਲ ਜਾਂਦੀ ਸੜਕ -ਡਾ. ਅਕਵਿੰਦਰ ਕੌਰ ਬਾਹਲ
5. ਕੰਪਿਊਟਰ ਕਲਚਰ -ਮਨਜੀਤ ਮੀਤ (ਕੈਨੇਡਾ)

# ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ

## ਸਫ਼ਰਨਾਮਾ

| | | |
|---|---|---|
| 1. ਸਿਮਰਤੀਆਂ ਦੇ ਦੇਸ਼ | ਧਨਪਤ ਰਾਏ ਐਂਡ ਸਨਜ਼, ਜਲੰਧਰ | 1979 |
| (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2006 |

## ਵਾਰਤਕ : ਸਾਹਿਤਿਕ ਸੈ-ਜੀਵਨੀ

| | | |
|---|---|---|
| 1. ਮੇਰੀ ਸਾਹਿਤਿਕ ਸੈ-ਜੀਵਨੀ | ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ | 1994 |
| 2. ਐਟਸੈਟਰਾ-2 (ਰਚਨ-ਪ੍ਰਕ੍ਰਿਆ ਤੇ ਹੋਰ ਲੇਖ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. ਐਟਸੈਟਰਾ-3 (ਮੁਲਾਕਾਤਾਂ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸੈ-ਜੀਵਨੀ) | ਪੰਜਾਬੀ ਯੂਨੀਵਰਸਿਟੀ, ਪਟਿਆਲਾ | 2010 |
| 5. ਐਟਸੈਟਰਾ-4 (ਮੁਲਾਕਤਾਂ ਤੇ ਫੁਟਕਲ ਲਿਖਤਾਂ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |

## ਸਾਹਿਤ ਸਮੀਖਿਆ ਤੇ ਸੰਕਲਨ

| | | |
|---|---|---|
| 1. ਪ੍ਰਯੋਗਸ਼ੀਲ ਕਾਵਿ-ਦਰਪਨ | ਹਜ਼ੂਰੀਆ ਪਬਲਿਸ਼ਰਜ਼, ਜਲੰਧਰ | 1964 |
| (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 2. ਮੇਰਾ ਕਾਵਿ-ਨਾਟ ਲੋਕ | ਨੈਸ਼ਨਲ ਬੁਕ ਸ਼ਾਪ, ਦਿੱਲੀ | 1990 |
| (ਦੂਜਾ ਐਡੀਸ਼ਨ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. ਐਟਸੈਟਰਾ-1 (ਖੋਜ-ਪੱਤਰ ਤੇ ਆਲੋਚਨਾ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. ਮੇਰਾ ਥੀਏਟਰ ਤੇ ਇੱਕੀਵੀਂ ਸਦੀ | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |
| 5. ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਿਕ, ਸਿਧਾਂਤਕ ਤੇ ਤਕਨੀਕੀ ਪਰਿਪੇਖ | ਨੈਸ਼ਨਲ ਬੁਕ ਸ਼ਾਪ, ਦਿੱਲੀ | 2018 |

## ਸੰਪਾਦਨ (ਪੰਜਾਬੀ ਤੇ ਅੰਗਰੇਜ਼ੀ ਵਿਚ)

| | | |
|---|---|---|
| 1. ਵਿਸ਼ਵ ਪੰਜਾਬੀ ਸਾਹਿਤ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1981 |
| 2. ਕਵਿਤਾ ਸਨਮੁਖ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1994 |
| (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 3. ਕਥਾ ਸਨਮੁਖ | ਚੇਤਨਾ ਪ੍ਰਕਾਸ਼ਨ, ਲੁਧਿਆਣਾ | 2001 |
| 4. ਕਥਾ ਸਨਮੁਖ-2 | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |

| | | |
|---|---|---|
| 5. ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ) | | |
| | ਨਵਯੁੱਗ ਪਬਲਿਸ਼ਰਜ਼, ਦਿੱਲੀ | 1992 |
| 6. Wind Song (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1978 |
| 7. Wind Song-2 (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1984 |

## ਅੰਗਰੇਜ਼ੀ ਵਿਚ ਚੋਣਵੀਂ ਕਵਿਤਾ-ਹੋਰ ਕਵੀਆਂ ਨਾਲ ਸਾਂਝੀ

| | | |
|---|---|---|
| 1. The Rebel Sound | Dave Book Centre, Nairobi, Kenya | 1968 |
| 2. The Voices of Dissent | Seema Parkashan, Jalandhar India | 1972 |
| 3. Indian Poetry Today (Volume One) | Indian Council for Cultural Relations, New Delhi | 1974 |
| 4. Green Snow | Vesta Publications, Cornwall, Ontario, Canada | 1976 |
| 5. Hundred Indian Poets | Oxford + IBH Publishing Company, India. | 1977 |

**ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ**

ਰਵਿੰਦਰ ਰਵੀ ਦੀ ਸਵੈ-ਜੀਵਨੀ, 7 ਵੀਡੀਓ-ਭਾਗਾਂ ਵਿਚ, ਵੇਖਣ/ਸੁਨਣ ਲਈ, ਹੇਠ ਲਿਖੇ ਵੈਬਸਾਈਟ ਉੱਤੇ ਜਾ ਕੇ, Autobiography ਭਾਗ ਵਿਚ ਪ੍ਰਾਪਤ ਕਰੋ :
www.ravinder-ravi.com

# ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ

1. ਯੁਕਲਿਪਟਸ ਤੇ ਹੈਮਿੰਗਵੇ : (ਦੋ ਕਹਾਣੀਆਂ ਦੇ ਪੜ੍ਹਤ-ਅਧਿਅਨ)
   ਲੇਖਿਕਾ : ਡਾ. ਦੇਵਿੰਦਰ ਕੌਰ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-1989
2. ਮੇਰਾ ਕਾਵਿ-ਨਾਟ ਲੋਕ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-1990
   ਦੂਜਾ ਐਡੀਸ਼ਨ : ਤ੍ਰਿਲੋਚਨ ਪਬਲਿਸ਼ਰਜ਼, ਚੰਡੀਗੜ੍ਹ-2008
3. ਕਵਿਤਾ ਸਨਮੁਖ : 25 ਕੁ ਕਵਿਤਾਵਾਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ-1994
   ਦੂਜਾ ਐਡੀਸ਼ਨ : ਨੈਸ਼ਨਲ ਬੁਕ ਸ਼ਾਪ, ਦਿੱਲੀ- 2008
4. ਰਵਿੰਦਰ ਰਵੀ ਦਾ ਰਚਨਾ ਸੰਸਾਰ
   ਲੇਖਕ : ਪ੍ਰੋ. ਬ੍ਰਹਮ ਜਗਦੀਸ਼ ਸਿੰਘ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ-1999
5. ਕਥਾ ਸਨਮੁਖ : ਤਿੰਨ ਕਹਾਣੀਆਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ-2001
6. ਰਵਿੰਦਰ ਰਵੀ ਦੀ ਕਵਿਤਾ ਵਿਚ ਮਾਨਵੀ ਰਿਸ਼ਤੇ
   ਲੇਖਿਕਾ : ਡਾ. ਸੁਖਵਿੰਦਰ ਕੌਰ ਮੱਲ੍ਹੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ-2002
7. ਨਾਟਕਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2003
8. ਕਥਾਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2004
9. ਰਵਿੰਦਰ ਰਵੀ ਦੀ ਕਹਾਣੀ-ਕਲਾ
   ਲੇਖਿਕਾ : ਦਲਜਿੰਦਰ ਕੌਰ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2006

10. ਰਵਿੰਦਰ ਰਵੀ ਦਾ ਨਾਟ-ਚਿੰਤਨ

ਲੇਖਕ : ਡਾ. ਸਤਨਾਮ ਸਿੰਘ ਜੱਸਲ

ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2007

11. ਕਵੀ ਰਵਿੰਦਰ ਰਵੀ

ਸੰਪਾਦਕ : ਮਨਜੀਤ ਮੀਤ

ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2008

12. ਰਵਿੰਦਰ ਰਵੀ ਦੀ ਕਹਾਣੀ : ਸੱਭਿਆਚਾਰਕ ਪਰਿਪੇਖ

ਲੇਖਕ : ਡਾ. ਗੁਰਜੰਟ ਸਿੰਘ

ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ-2009

13. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਸੰਰਚਨਾਤਮਕ ਅਧਿਐਨ

ਲੇਖਕ : ਮੁਨੀਸ਼ ਕੁਮਾਰ

ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2011

14. ਮੇਰਾ ਥੀਏਟਰ ਤੇ ਇੱਕੀਵੀਂ ਸਦੀ

ਸੰਪਾਦਕ : ਰਵਿੰਦਰ ਰਵੀ

ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2012

15. ਰਵਿੰਦਰ ਰਵੀ ਦਾ ਸਫ਼ਰਨਾਮਾ ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ

ਲੇਖਿਕਾ : ਮਨਮੀਤ ਕੌਰ

ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2012

16. ਕਥਾ ਸਨਮੁਖ-2 ਪੰਜ ਕਹਾਣੀਆਂ ਦੇ ਪੜ੍ਹਤ-ਅਧਿਐਨ

ਸੰਪਾਦਕ : ਰਵਿੰਦਰ ਰਵੀ

ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2012

17. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ "ਥੀਮ ਵਿਗਿਆਨਕ" ਵਿਸ਼ਲੇਸ਼ਣ

ਲੇਖਿਕਾ : ਡਾ. ਰਵਿੰਦਰ ਕੌਰ ਬੇਦੀ

ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2014

18. ਰਵਿੰਦਰ ਰਵੀ ਦਾ ਸਾਹਿਤ-ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ

ਲੇਖਿਕਾ : ਡਾ. ਕਿਰਨਦੀਪ ਕੌਰ

ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2014

19. ਰਵਿੰਦਰ ਰਵੀ ਕਾਵਿ : ਸੱਭਿਆਚਾਰਕ ਤਣਾਓ-ਪਰਵਾਸੀ ਸੰਦਰਭ

ਲੇਖਿਕਾ : ਸਰਬਜੀਤ ਕੌਰ

ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2015

20. ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ

ਲੇਖਕ : ਡਾ. ਨਾਨਕ ਸਿੰਘ

ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2017

21. ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿ ਆਪਣੇ ਖਿਲਾਫ਼
(ਮੂਲ ਪਾਠ ਅਤੇ ਆਲੋਚਨਾ)
ਸੰਪਾਦਕ : ਮਨਜੀਤ ਸਿੰਘ (ਪ੍ਰੋ.), ਡਾ. ਜਸਪਾਲ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2017

22. ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ, ਸਿਧਾਂਤਕ ਤੇ ਤਕਨੀਕੀ ਪਰਿਪੇਖ
ਲੇਖਕ : ਰਵਿੰਦਰ ਰਵੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ-2018

23. ਰਵਿੰਦਰ ਰਵੀ ਦੇ ਨਾਟਕ : ਸਰੋਕਾਰ ਤੇ ਤਕਨੀਕ
ਲੇਖਕ : ਹਰਪ੍ਰੀਤ ਕੁਮਾਰ
ਪ੍ਰਕਾਸ਼ਕ : ਅਜ਼ੀਜ ਬੁੱਕ ਹਾਊਸ
3-ਕਾਹਲੋਂ ਕੰਪਲੈਕਸ, ਸਾਹਮਣੇ ਪੰਜਾਬੀ
ਯੂਨੀਵਰਸਿਟੀ, ਪਟਿਆਲਾ-147002- 2021

## ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ. ਐਚ. ਡੀ. ਪੱਧਰ ਦਾ ਖੋਜ-ਕਾਰਜ

**ਪੂਰਾ ਹੋ ਚੁੱਕਾ ਖੋਜ-ਕਾਰਜ**

1. ਖੋਜਾਰਥੀ : ਸੁਖਵਿੰਦਰ ਕੌਰ ਮੱਲ੍ਹੀ
ਨਿਗਰਾਨ : ਡਾ. ਹਰਚੰਦ ਸਿੰਘ ਬੇਦੀ
ਵਿਸ਼ਾ : ਰਵਿੰਦਰ ਰਵੀ ਦੀ ਕਾਵਿ-ਰਚਨਾ ਵਿਚ ਮਾਨਵੀ ਰਿਸ਼ਤਿਆਂ ਦੇ ਵਿਭਿੰਨ ਪਾਸਾਰ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
-ਇਹ ਖੋਜ-ਕਾਰਜ 2002 ਵਿਚ ਪੂਰਾ ਹੋਇਆ

2. ਖੋਜਾਰਥੀ : ਗੁਰਜੰਟ ਸਿੰਘ
ਨਿਗਰਾਨ : ਡਾ. ਸ. ਪ. ਸਿੰਘ
ਵਿਸ਼ਾ : ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਸੱਭਿਆਚਾਰਕ ਅਧਿਅਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
-ਇਹ ਖੋਜ-ਕਾਰਜ, 2005 ਵਿਚ ਪੂਰਾ ਹੋਇਆ

3. ਖੋਜਾਰਥੀ : ਰਵਿੰਦਰ ਕੌਰ ਬੇਦੀ
ਨਿਗਰਾਨ : ਡਾ. ਮਨਜੀਤ ਸਿੰਘ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ-ਵਿਗਿਆਨਕ ਵਿਸ਼ਲੇਸ਼ਣ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
-ਇਹ ਖੋਜ-ਕਾਰਜ, 2008-2009 ਵਿਚ ਪੂਰਾ ਹੋਇਆ

4. ਖੋਜਾਰਥੀ : ਕਿਰਨਦੀਪ ਕੌਰ
ਨਿਗਰਾਨ : ਡਾ. ਗੁਰਮੁਖ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਰਚਨਾ ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
-ਇਹ ਖੋਜ-ਕਾਰਜ, 2013 ਵਿਚ ਪੂਰਾ ਹੋਇਆ

5. ਖੋਜਾਰਥੀ : ਨਾਨਕ ਸਿੰਘ
ਨਿਗਰਾਨ : ਡਾ. ਸੁਖਦੇਵ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ, ਭਾਰਤ
ਇਹ ਖੋਜ-ਕਾਰਜ, 2016 ਵਿਚ ਪੂਰਾ ਹੋਇਆ

6. ਖੋਜਾਰਥੀ : ਮੁਕੇਸ਼ ਲਤਾ
ਨਿਗਰਾਨ : ਡਾ. ਹਰਦਿਲਜੀਤ ਗੋਸਲ
ਵਿਸ਼ਾ : ਆਧੁਨਿਕਤਾ ਦੇ ਸੰਦਰਭ ਵਿਚ ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਅਧਿਐਨ
ਯੂਨੀਵਰਸਿਟੀ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਭਾਰਤ
ਇਹ ਖੋਜ-ਕਾਰਜ 2017 ਵਿਚ ਪੂਰਾ ਹੋਇਆ।

**ਇਸ ਸਮੇਂ ਹੋ ਰਿਹਾ ਖੋਜ-ਕਾਰਜ**

1. ਖੋਜਾਰਥੀ : ਸੁਰਿੰਦਰ ਕੰਬੋਜ
ਨਿਗਰਾਨ : ਡਾ. ਕਿਰਨਦੀਪ ਸਿੰਘ
ਵਿਸ਼ਾ : ਵਿਸ਼ਵੀਕਰਨ ਦੇ ਸੰਦਰਭ ਵਿਚ ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਅਧਿਐਨ
ਯੂਨੀਵਰਸਿਟੀ : ਲਵਲੀ ਪਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ, ਭਾਰਤ

2. ਖੋਜਾਰਥੀ : ਸਰਬਜੀਤ ਕੌਰ
ਨਿਗਰਾਨ : ਡਾ. ਅਵਤਾਰ ਸਿੰਘ
ਵਿਸ਼ਾ : ਰਵਿੰਦਰ ਰਵੀ ਕਾਵਿ ਵਿੱਚ ਅਸਤਿਤਵਵਾਦ
ਯੂਨੀਵਰਸਿਟੀ : ਲਵਲੀ ਪਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ, ਭਾਰਤ

3. ਖੋਜਾਰਥੀ : ਕਰਮਜੀਤ ਕੌਰ
ਨਿਗਰਾਨ : ਡਾ. ਸਤੀਸ਼ ਕੁਮਾਰ ਵਰਮਾ
ਵਿਸ਼ਾ : ਰਵਿੰਦਰ ਰਵੀ ਦੇ ਨਾਟਕਾਂ ਦਾ ਰੰਗਮੰਚਕੀ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ

4. ਖੋਜਾਰਥੀ : ਹਰਪ੍ਰੀਤ ਕੁਮਾਰ
ਨਿਗਰਾਨ : ਡਾ. ਪ੍ਰਦੀਪ ਕੌਰਾ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕ : ਤਕਨੀਕ ਤੇ ਸਰੋਕਾਰ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ

5. ਖੋਜਾਰਥੀ : ਦੇਵਿੰਦਰ ਸਿੰਘ
ਨਿਗਰਾਨ : ਡਾ. ਸਤਿਨਾਮ ਸਿੰਘ ਜੱਸਲ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਅੰਤਰ-ਸੱਭਿਆਚਾਰਕ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ

## ਰਵਿੰਦਰ ਰਵੀ ਦੇ ਸਾਹਿਤ ਉੱਤੇ ਐਮ. ਫਿਲ. ਪੱਧਰ ਦਾ ਖੋਜ-ਕਾਰਜ

**ਪੂਰਾ ਹੋ ਚੁੱਕਾ ਖੋਜ-ਕਾਰਜ**

1. ਖੋਜਾਰਥੀ : ਅਰਿੰਦਰ ਸਿੰਘ
ਨਿਗਰਾਨ : ਡਾ. ਸੁਰਿੰਦਰਪਾਲ ਸਿੰਘ
ਵਿਸ਼ਾ : ਰਵਿੰਦਰ ਰਵੀ ਦੀਆਂ ਕਹਾਣੀਆਂ ਵਿਚ ਪਰਵਾਸੀ ਚੇਤਨਾ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
-ਇਹ ਖੋਜ-ਕਾਰਜ 1985-86 ਵਿਚ ਪੂਰਾ ਹੋਇਆ।
2. ਖੋਜਾਰਥੀ : ਮਨਜੀਤ ਕੌਰ
ਨਿਗਰਾਨ : ਡਾ. ਕੁਲਦੀਪ ਸਿੰਘ ਧੀਰ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਆਲੋਚਨਾਤਮਕ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
-ਇਹ ਖੋਜ-ਕਾਰਜ 1987-88 ਵਿਚ ਪੂਰਾ ਹੋਇਆ।
3. ਖੋਜਾਰਥੀ : ਜਸਪਾਲ ਕੌਰ
ਨਿਗਰਾਨ : ਡਾ. ਸੁਤਿੰਦਰ ਸਿੰਘ ਨੂਰ
ਵਿਸ਼ਾ : ਰਵਿੰਦਰ ਰਵੀ ਦੇ "ਪਿਆਸਾ ਬੱਦਲ" ਦਾ ਕਾਵਿ-ਅਧਿਅਨ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
-ਇਹ ਖੋਜ-ਕਾਰਜ 1991-92 ਵਿਚ ਪੂਰਾ ਹੋਇਆ।
4. ਖੋਜਾਰਥੀ : ਦਲਜਿੰਦਰ ਕੌਰ
ਨਿਗਰਾਨ : ਡਾ. ਕੁਲਦੀਪ ਸਿੰਘ ਧੀਰ
ਵਿਸ਼ਾ : ਰਵਿੰਦਰ ਰਵੀ ਦੀ ਕਹਾਣੀ-ਕਲਾ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
-ਇਹ ਖੋਜ-ਕਾਰਜ 2003-2004 ਵਿਚ ਪੂਰਾ ਹੋਇਆ।
5. ਖੋਜਾਰਥੀ : ਮੁਨੀਸ਼ ਕੁਮਾਰ
ਨਿਗਰਾਨ : ਡਾ. ਗੁਰਚਰਨ ਸਿੰਘ ਅਰਸ਼ੀ
ਵਿਸ਼ਾ : ਰਵਿੰਦਰ ਰਵੀ ਦੇ "ਸੂਰਜ ਨਾਟਕ" ਦਾ ਸੰਰੰਚਨਾਤਮਕ ਅਧਿਅਨ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
ਇਹ ਖੋਜ-ਕਾਰਜ 2006 ਵਿਚ ਪੂਰਾ ਹੋਇਆ।
6. ਖੋਜਾਰਥੀ : ਸੁਰਿੰਦਰ ਕੁਮਾਰ
ਨਿਗਰਾਨ : ਡਾ. ਰਘਬੀਰ ਕੌਰ
ਵਿਸ਼ਾ : ਵਿਸ਼ਵੀਕਰਨ ਦੇ ਸੰਦਰਭ 'ਚ ਰਵਿੰਦਰ ਰਵੀ ਦੇ
ਕਾਵਿ-ਨਾਟਕ "ਅੱਧੀ ਰਾਤ ਦੁਪਹਿਰ " ਤੇ "ਸਿਫ਼ਰ ਨਾਟਕ" ਦਾ ਅਧਿਐਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
-ਇਹ ਖੋਜ-ਕਾਰਜ 2007-2008 ਵਿਚ ਪੂਰਾ ਹੋਇਆ।

7. ਖੋਜਾਰਥੀ : ਮਨਮੀਤ ਕੌਰ
ਨਿਗਰਾਨ : ਡਾ. ਮਨਜੀਤ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਸਫ਼ਰਨਾਮਾ,
"ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ"
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ
-ਇਹ ਖੋਜ-ਕਾਰਜ 2009-10 ਸੈਸ਼ਨ ਵਿਚ ਪੂਰਾ ਹੋਇਆ।

8. ਖੋਜਾਰਥੀ : ਸਰਬਜੀਤ ਕੌਰ
ਨਿਗਰਾਨ : ਡਾ. ਅਵਤਾਰ ਸਿੰਘ
ਵਿਸ਼ਾ : ਪਰਵਾਸੀ ਪੰਜਾਬੀ ਕਵਿਤਾ ਵਿਚ ਸੱਭਿਆਚਾਰਕ ਤਣਾਉ
(ਰਵਿੰਦਰ ਰਵੀ-ਕਾਵਿ ਦੇ ਸੰਦਰਭ ਵਿਚ)
ਯੂਨੀਵਰਸਿਟੀ : ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ
-ਇਹ ਖੋਜ-ਕਾਰਜ 2015 ਵਿਚ ਪੂਰਾ ਹੋਇਆ।

9. ਖੋਜਾਰਥੀ : ਹਰਪ੍ਰੀਤ ਕੁਮਾਰ
ਨਿਗਰਾਨ : ਸੱਤਨਾਮ ਸਿੰਘ ਜੱਸਲ
ਵਿਸ਼ਾ : ਰਵਿੰਦਰ ਰਵੀ ਦੇ ਨਾਟਕ : ਸਰੋਕਾਰ ਅਤੇ ਤਕਨੀਕ
("ਆਪੋ ਆਪਣੇ ਦਰਿਆ" ਦੇ ਪ੍ਰਸੰਗ ਵਿੱਚ)
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ, ਪੰਜਾਬ, ਭਾਰਤ
-ਇਹ ਖੋਜ-ਕਾਰਜ ਅਪ੍ਰੈਲ, 2017 ਵਿਚ ਪੂਰਾ ਹੋਇਆ।

**ਐਮ. ਏ. (ਪੰਜਾਬੀ) ਭਾਗ ਦੂਜਾ ਦੇ ਚੌਥੇ ਪਰਚੇ ਲਈ ਪੂਰਾ ਹੋਇਆ ਖੋਜ-ਕਾਰਜ**

1. ਖੋਜਾਰਥੀ : ਪਰਮਦੀਪ ਭੁੱਲਰ
ਨਿਗਰਾਨ : ਪ੍ਰੋ. ਕੇਵਲ ਸਿੰਘ ਥਿੰਦ
ਵਿਸ਼ਾ : ਰਵਿੰਦਰ ਰਵੀ ਦਾ ਕਾਵਿ-ਨਾਟਕ :
"ਬੀਮਾਰ ਸਦੀ"-ਇਕ ਅਧਿਅਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
-ਇਹ ਖੋਜ-ਕਾਰਜ 1974-75 ਵਿਚ ਪੂਰਾ ਹੋਇਆ।

# ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ

| | ਪੁਰਸਕਾਰ | ਵਲੋਂ (ਇਦਾਰਾ) | ਸਾਲ |
|---|---|---|---|
| 1. | ਸਾਲ 1965 ਦੀ ਸਰਬੋਤਮ ਕਾਵਿ-ਪੁਸਤਕ "ਬਿੰਦੂ" ਪੁਰਸਕਾਰ | ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, ਪੰਜਾਬ, ਭਾਰਤ | 1965 |
| 2. | ਸਾਲ 1965 ਦੀ ਸਰਬੋਤਮ ਕਾਵਿ-ਪੁਸਤਕ "ਬਿੰਦੂ" ਪੁਰਸਕਾਰ | ਪੰਜਾਬੀ ਦਰਬਾਰ, ਪੰਜਾਬ, ਭਾਰਤ | 1965 |
| 3. | ਪਿਛਲੇ ਪੰਦਰਾਂ ਸਾਲਾਂ ਵਿਚ ਨਵੀਆਂ ਲੀਹਾਂ ਪਾਉਣ ਵਾਲੀ ਸਰਬੋਤਮ ਨਾਟ-ਪੁਸਤਕ "ਬੀਮਾਰ ਸਦੀ" ਪੁਰਸਕਾਰ | ਪੰਜਾਬੀ ਲਿਟਰੇਰੀ ਫ਼ੋਰਮ, ਚੰਡੀਗੜ੍ਹ, ਭਾਰਤ | 1975 |
| 4. | ਸਾਲ 1974 ਦੀ ਸਰਬੋਤਮ ਕਾਵਿ-ਨਾਟ ਪੁਸਤਕ "ਬੀਮਾਰ ਸਦੀ" ਪੁਰਸਕਾਰ | ਪੰਜਾਬੀ ਦਰਬਾਰ, ਪੰਜਾਬ, ਭਾਰਤ | 1976 |
| 5. | ਸਾਲ 1979 ਦੀ ਸਰਬੋਤਮ ਗੱਦ-ਪੁਸਤਕ "ਸਿਮਰਤੀਆਂ ਦੇ ਦੇਸ਼" ਪੁਰਸਕਾਰ | ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, ਪੰਜਾਬ, ਭਾਰਤ | 1979 |
| 6. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ (ਬਦੇਸ਼ੀ) | ਭਾਸ਼ਾ ਵਿਭਾਗ, ਪੰਜਾਬ, ਭਾਰਤ | 1980 |
| 7. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ | ਪੰਜਾਬ ਆਰਟਸ ਕੌਂਸਲ, ਚੰਡੀਗੜ੍ਹ, ਭਾਰਤ | 1980 |
| 8. | ਈਸ਼ਵਰ ਚੰਦਰ ਨੰਦਾ ਪੁਰਸਕਾਰ 'ਅੱਧੀ ਰਾਤ ਦੁਪਹਿਰ' ਕਾਵਿ-ਨਾਟਕ ਵਾਸਤੇ | ਭਾਸ਼ਾ ਵਿਭਾਗ, ਪੰਜਾਬ, ਭਾਰਤ | 1983 |
| 9. | ਪ੍ਰੋਫ਼ੈਸਰ ਮੋਹਨ ਸਿੰਘ ਪੁਰਸਕਾਰ | ਪੰਜ ਦਰਿਆ ਪੰਜਾਬੀ ਅਕਾਦਮੀ, ਟਰਾਂਟੋ, ਕੈਨੇਡਾ | 1989 |
| 10. | ਕਰਤਾਰ ਸਿੰਘ ਧਾਲੀਵਾਲ ਪੁਰਸਕਾਰ | ਪੰਜਾਬੀ ਅਕਾਦਮੀ, ਲੁਧਿਆਣਾ, ਭਾਰਤ | 1992 |
| 11. | ਸਾਈਂ ਬੁੱਲ੍ਹੇ ਸ਼ਾਹ ਪੁਰਸਕਾਰ | ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ, ਡੈਨਮਾਰਕ | 1993 |
| 12. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ | ਪੰਜਾਬੀ ਸਾਹਿਤ ਸਭਾ, ਕੈਲੇਫੋਰਨੀਆਂ, ਅਮਰੀਕਾ | 1994 |
| 13. | ਬਾਵਾ ਬਲਵੰਤ ਪੁਰਸਕਾਰ | ਸਾਹਿਤ ਵਿਚਾਰ ਕੇਂਦਰ (ਰਜਿ.), ਅੰਮ੍ਰਿਤਸਰ, ਪੰਜਾਬ, ਭਾਰਤ | 1994 |
| 14. | ਪੋਇਟ ਆਫ਼ ਦ ਯੀਅਰ ਅਵਾਰਡ Poet of the Year Award | Alumni of The World University, Cornwall, Canada | 1996 |

| | | |
|---|---|---|
| 15. Man of the Peace Award | ਅਦੀਬ ਇੰਟਰਨੈਸ਼ਨਲ,<br>(ਸਾਹਿਰ ਕਲਚਰਲ ਅਕਾਦਮੀ),<br>ਲੁਧਿਆਣਾ, ਭਾਰਤ | 1997 |
| 16. ਪ੍ਰੋ. ਪੂਰਨ ਸਿੰਘ<br>ਦਹਿਸਦੀ (Millenium) ਪੁਰਸਕਾਰ | ਪੰਜਾਬੀ ਯੂਨੀਵਰਸਿਟੀ,<br>ਪਟਿਆਲਾ, ਭਾਰਤ | 2000 |
| 17. ਮਹਾਰਾਜਾ ਰਣਜੀਤ ਸਿੰਘ<br>ਯਾਦਗਾਰੀ ਪੁਰਸਕਾਰ | ਪੰਜਾਬੀ ਯੂਨੀਵਰਸਿਟੀ,<br>ਪਟਿਆਲਾ, ਭਾਰਤ | 2001 |
| 18. ਸਮੁੱਚੀ ਸਾਹਿਤ-ਸੇਵਾ ਪੁਰਸਕਾਰ | ਇੰਡੋ-ਕਨੇਡੀਅਨ ਕਲਚਰਲ<br>ਐਸੋਸੀਏਸ਼ਨ, ਸਰੀ, ਬੀ.ਸੀ. ਕੈਨੇਡਾ | 2005 |
| 19. ਜੀਵਨ-ਕਾਲ ਪ੍ਰਾਪਤੀ ਪੁਰਸਕਾਰ<br>Life-Time Achievement Award | ਇਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ,<br>ਲਾਹੌਰ, ਪਾਕਿਸਤਾਨ | 2006 |
| 20. ਤਮਗ਼ਾ-ਏ-ਹੁਸਨ-ਏ-ਕਾਰਕਰਦਗੀ<br>Pride of Performance Award | World Institute of Punjabi<br>Literature and Heritage,<br>Lahore, Pakistan | 2006 |
| 21. ਸੋਨ ਤਮਗ਼ਾ (Gold Medal)<br>ਕਾਵਿ-ਨਾਟਕਾਂ ਵਾਸਤੇ | ਐਸੋਸੀਏਸ਼ਨ ਆਫ ਰਾਈਟਰਜ਼ ਐਂਡ<br>ਆਰਟਿਸਟਸ, ਲਾਹੌਰ, ਪਾਕਿਸਤਾਨ | 2006 |
| 22. ਸੌ ਸਾਲਾ ਵਰ੍ਹੇ ਗੰਢ ਦਿਵਸ ਯਾਦਗਾਰੀ<br>"ਵਿਲੱਖਣ ਪ੍ਰਾਪਤੀ ਪੁਰਸਕਾਰ" | ਖਾਲਸਾ ਦੀਵਾਨ ਸੋਸਾਇਟੀ,<br>ਵੈਨਕੂਵਰ, ਬੀ.ਸੀ., ਕੈਨੇਡਾ | 2006 |
| 23. ਫੈਲੋਸ਼ਿਪ | ਪੰਜਾਬੀ ਅਕਾਦਮੀ,<br>ਲਿਸਟਰ, ਇੰਗਲੈਂਡ | 2007 |
| 24. ਅੰਮ੍ਰਿਤਾ ਪ੍ਰੀਤਮ ਮੈਮੋਰੀਅਲ<br>ਇੰਟਰਨੈਸ਼ਨਲ ਅਵਾਰਡ<br>ਆਫ਼ ਡਿਸਟਿੰਕਸ਼ਨ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ<br>ਪੰਜਾਬੀ ਸਾਹਿਤ ਅਕਾਦਮੀ,<br>ਟਰਾਂਟੋ, ਕੈਨੇਡਾ | 2007 |
| 25. ਸਰਬ ਸ੍ਰੇਸ਼ਟ ਸਾਹਿਤਕਾਰ ਪੁਰਸਕਾਰ | ਪਰਵਾਸੀ ਮੀਡੀਆ ਗਰੁੱਪ,<br>ਟਰਾਂਟੋ, ਕੈਨੇਡਾ | 2008 |
| 26. Honorary Life Time<br>Membership Awrad | ਨਿਸਗਾ ਟੀਚਰਜ਼ ਯੂਨੀਅਨ,<br>ਨਿਊ ਆਏਐਂਸ਼, ਬੀ.ਸੀ., ਕੈਨੈਡਾ | 2010 |
| 27. ਨਾਟ ਸ਼੍ਰੋਮਣੀ | ਪੰਜਾਬੀ ਨਾਟ ਅਕਾਦਮੀ,<br>ਲੁਧਿਆਣਾ, ਭਾਰਤ | 2011 |
| 28. ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਕੇਂਦਰੀ ਪੰਜਾਬੀ ਲੇਖਕ ਸਭਾ,<br>ਉੱਤਰੀ ਅਮਰੀਕਾ,<br>ਸਰੀ, ਬੀ.ਸੀ., ਕੈਨੇਡਾ | 2011 |
| 29. ਜੀਵਨ-ਕਾਲ ਪ੍ਰਾਪਤੀ ਪੁਰਸਕਾਰ | (ਓਨਫ਼) ਯੂਨੀਵਰਸਿਟੀ ਆਫ਼<br>ਬ੍ਰਿਟਿਸ਼ ਕੋਲੰਬੀਆ, ਵੈਨਕੂਵਰ, ਕੈਨੇਡਾ | 2011 |

| | | |
|---|---|---|
| 30. ਇਕਬਾਲ ਅਰਪਨ ਯਾਦਗਾਰੀ ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਅਰਪਨ ਲਿਖਾਰੀ ਸਭਾ, ਕੈਲਗਰੀ, ਅਲਬਰਟਾ, ਕੈਨੇਡਾ | 2012 |
| 31. ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਪੰਜਾਬੀ ਆਰਸੀ ਰਾਈਟਰਜ਼ ਕਲੱਬ, (ਕੈਨੇਡਾ) | 2013 |
| 32. ਬਲਵੰਤ ਗਾਰਗੀ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ਼ ਡਿਸਟਿੰਕਸ਼ਨ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ, ਟਰਾਂਟੋ, ਕੈਨੇਡਾ | 2015 |
| 32. ਕਰਤਾਰ ਸਿੰਘ ਦੁੱਗਲ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ ਡਿਸਟਿੰਕਸ਼ਨ ਵਿਚ ਪੰਜਾਬੀ ਸਾਰਟ ਸਟੋਰੀਜ਼) ਪੁਸਤਕ : "ਮੇਰੀਆਂ ਸਾਰੀਆਂ ਕਹਾਣੀਆਂ" ਲਈ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ, ਟਰਾਂਟੋ, ਕੈਨੇਡਾ | 2017 |

## ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ

ਸੰਸਥਾ ਸਾਲ

| | | |
|---|---|---|
| 1. | ਪੰਜਾਬੀ ਲਿਖਾਰੀ ਸਭਾ, ਨੈਰੋਬੀ, ਕੀਨੀਆਂ | 1974 |
| 2. | ਮਾਸਕ 'ਦ੍ਰਿਸ਼ਟੀ', ਜਲੰਧਰ, ਪੰਜਾਬ, ਭਾਰਤ | 1976 |
| 3. | ਪੰਜਾਬੀ ਲਿਖਾਰੀ ਸਭਾ (ਰਜਿ.), ਜਗਤਪੁਰ, ਪੰਜਾਬ, ਭਾਰਤ | 1981 |
| 4. | ਮਾਸਕ 'ਅਕਸ' ਮੰਚ, ਨਵੀਂ ਦਿੱਲੀ, ਭਾਰਤ | 1993 ਤੇ 2001 |
| 5. | ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, ਭਾਰਤ | 1993 |
| 6. | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬ, ਭਾਰਤ | 1993 |
| 7. | ਇੰਟਰਨੈਸ਼ਨਲ ਲਿਟਰੇਰੀ ਐਂਡ ਕਲਚਰਲ ਫੋਰਮ, ਲਿਸਟਰ, ਇੰਗਲੈਂਡ (U.K.) | 1995 |
| 8. | ਮੇਲ ਮਿਲਾਪ ਸਾਹਿਤ ਸਭਾ, ਗਲਾਸਗੋ, ਸਕਾਟਲੈਂਡ (U.K.) | 2000 |
| 9. | ਭਾਸ਼ਾ ਵਿਭਾਗ, ਪੰਜਾਬ, ਭਾਰਤ | 2001 |
| 10. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬ, ਭਾਰਤ | 2001 |
| 11. | ਸਿਰਜਣਾ ਸੰਗਮ, ਪਟਿਆਲਾ, ਪੰਜਾਬ, ਭਾਰਤ | 2001 |
| 12. | ਪੰਜਾਬੀ ਲੇਖਕ ਸਭਾ, ਪਟਿਆਲਾ, ਪੰਜਾਬ, ਭਾਰਤ | 2001 |
| 13. | ਪੰਜਾਬੀ ਲਿਟਰੇਰੀ ਫੋਰਮ, ਪਟਿਆਲਾ ਪੰਜਾਬ, ਭਾਰਤ | 2001 |
| 14. | ਰਚਨਾ ਵਿਚਾਰ ਮੰਚ, ਨਾਭਾ, ਪੰਜਾਬ, ਭਾਰਤ | 2001 |
| 15. | ਲਾਇਲਪੁਰ ਖਾਲਸਾ ਕਾਲਜ, ਜਲੰਧਰ, ਪੰਜਾਬ, ਭਾਰਤ | 2002 |
| 16. | ਨਿਸਗਾ ਸਕੂਲ ਜ਼ਿਲ੍ਹਾ, ਨਿਊ ਆਏਐਂਸ਼, ਬੀ.ਸੀ. ਕੈਨੇਡਾ | 2003 |
| 17. | ਨਿਸਗਾ ਟੀਚਰਜ਼ ਯੂਨੀਅਨ, ਨਿਊ ਆਏਐਂਸ਼, ਬੀ.ਸੀ. ਕੈਨੇਡਾ | 2004 |
| 18. | ਵਿਸ਼ਵ ਪੰਜਾਬੀ ਅਕਾਦਮੀ, ਕੈਲੇਫੋਰਨੀਆ, ਅਮਰੀਕਾ | 2004 |
| 19. | ਪੰਜਾਬੀ ਪੱਤਰਕਾਰ ਸੰਸਥਾ, ਲਾਹੌਰ, ਪਾਕਿਸਤਾਨ | 2006 |
| 20. | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2006 |
| 21. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਜਲੰਧਰ, ਭਾਰਤ | 2006 |
| 22. | ਪੰਜਾਬੀ ਲਿਖਾਰੀ ਸਭਾ, ਜਗਤਪੁਰ (ਰਜਿ.),ਜ਼ਿਲ੍ਹਾ ਨਵਾਂ ਸ਼ਹਿਰ, ਭਾਰਤ | 2006 |
| 23. | ਅਦਾਰਾ ਵੀਯਨਜ਼ ਆਫ਼ ਪੰਜਾਬ, ਟੀ.ਵੀ., ਬਰੈਂਪਟਨ, ਕੈਨੇਡਾ | 2007 |
| 24. | ਰਚਨਾ ਵਿਚਾਰ ਮੰਚ, ਪੰਜਾਬ (ਰਜਿ.), ਨਾਭਾ | 2008 |
| 25. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬ, ਭਾਰਤ | 2008 |
| 26. | ਭਾਸ਼ਾ ਵਿਭਾਗ, ਪੰਜਾਬ, ਭਾਰਤ | 2008 |
| 27. | UBC ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ, ਏਸ਼ੀਅਨ ਲਾਇਬ੍ਰੇਰੀ ਵੈਨਕੂਵਰ, ਬੀ.ਸੀ., ਕੈਨੇਡਾ | 2010 |
| 28. | ਪੰਜਾਬੀ ਅਦਬੀ ਸੰਗਤ, ਸਰੀ, ਬੀ.ਸੀ., ਕੈਨੇਡਾ | 2013 |
| 29. | ਸੁੱਖੀ ਬਾਠ ਫਾਊਂਡੇਸ਼ਨ, ਸਰੀ, ਬੀ.ਸੀ., ਕੈਨੇਡਾ | 2014 |

## ਇਆਪਾ (I.A.P.A.A.) ਤੇ ਇਸ ਵਲੋਂ ਦਿੱਤੇ ਗਏ ਪੁਰਸਕਾਰ

ਇਆਪਾ (ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਪੰਜਾਬੀ ਆਥਰਜ਼ ਐਂਡ ਆਰਟਿਸਟਸ) ਦੀ ਸਥਾਪਨਾ ਮੈਂ, ਡਾ. ਗੁਰੂਮੇਲ, ਸਵਰਗੀ ਤਾਰਾ ਸਿੰਘ ਹੇਅਰ (ਸੰਪਾਦਕ: ਇੰਡੋ-ਕਨੇਡੀਅਨ ਟਾਇਮਜ਼), ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ ਅਤੇ ਭੁਪਿੰਦਰ ਧਾਲੀਵਾਲ ਆਦਿ ਨੂੰ ਨਾਲ ਲੈ ਕੇ, 3 ਜੁਲਾਈ, 1978 ਨੂੰ ਕੀਤੀ। ਇਸ ਸੰਸਥਾ ਵਲੋਂ 1981 ਵਿਚ ਮੇਰੀ ਸੰਪਾਦਨਾ ਹੇਠਾਂ 'ਵਿਸ਼ਵ ਪੰਜਾਬੀ ਸਾਹਿਤ' ਨਾਮ ਦੀ ਪੁਸਤਕ ਪ੍ਰਕਾਸ਼ਤ ਕੀਤੀ ਗਈ, ਜਿਸ ਵਿਚ 12 ਦੇਸ਼ਾਂ ਦੇ 100 ਕੁ ਪੰਜਾਬੀ ਲੇਖਕਾਂ ਦੀਆਂ ਲਿਖਤਾਂ ਸ਼ਾਮਿਲ ਕੀਤੀਆਂ ਗਈਆਂ ਸਨ।

ਲੋਕ ਮੰਚ ਨਾਲ ਜੁੜੇ ਜੋਗਿੰਦਰ ਬਾਹਰਲਾ ਨੂੰ ਇਸ ਸੰਸਥਾ ਵਲੋਂ 1979 ਵਿਚ ਸਨਮਾਨਤ ਕੀਤਾ ਗਿਆ। 1980 ਵਿਚ 500 ਡਾਲਰ ਦੇ ਪ੍ਰੋ. ਪਿਆਰਾ ਸਿੰਘ ਗਿੱਲ ਤੇ ਕਰਮ ਸਿੰਘ ਸੰਧੂ ਮੈਮੋਰੀਅਲ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ/ਪੱਤਰਕਾਰ/ਕਲਾਕਾਰ ਪੁਰਸਕਾਰ ਦੀ ਸਥਾਪਨਾ ਕੀਤੀ ਗਈ।

ਇਹ ਪੁਰਸਕਾਰ ਹੁਣ ਤਕ ਹੇਠ ਲਿਖੇ ਲੇਖਕਾਂ, ਪੱਤਰਕਾਰਾਂ ਤੇ ਕਲਾਕਾਰਾਂ ਨੂੰ ਦਿੱਤਾ ਜਾ ਚੁੱਕਾ ਹੈ:

| | | | |
|---|---|---|---|
| 1. | ਸੰਤ ਸਿੰਘ ਸੇਖੋਂ | ਭਾਰਤ | 1980 |
| 2. | ਫ਼ਖਰ ਜ਼ਮਾਨ | ਪਾਕਿਸਤਾਨ | 1981 |
| 3. | ਕਰਤਾਰ ਸਿੰਘ ਦੁੱਗਲ | ਭਾਰਤ | 1982 |
| 4. | ਸੋਹਨ ਕਾਦਰੀ | ਡੈਨਮਾਰਕ | 1982 |
| 5. | ਅਜੀਤ ਕੌਰ | ਭਾਰਤ | 1983 |
| 6. | ਤਰਸੇਮ ਸਿੰਘ ਪੁਰੇਵਾਲ | ਇੰਗਲੈਂਡ | 1983 |
| 7. | ਡਾ. ਸੁਰਜੀਤ ਸਿੰਘ ਸੇਠੀ | ਭਾਰਤ | 1984 |
| 8. | ਡਾ. ਦਲੀਪ ਕੌਰ ਟਿਵਾਣਾ | ਭਾਰਤ | 1985 |
| 9. | ਅੰਮ੍ਰਿਤਾ ਪ੍ਰੀਤਮ | ਭਾਰਤ | 1986 |
| 10. | ਡਾ. ਹਰਚਰਨ ਸਿੰਘ | ਭਾਰਤ | 1986 |
| 11. | ਅਫ਼ਜ਼ਲ ਅਹਿਸਨ ਰੰਧਾਵਾ | ਪਾਕਿਸਤਾਨ | 1986 |
| 12. | ਅਜਾਇਬ ਕਮਲ | ਕੀਨੀਆ | 1986 |
| 13. | ਡਾ. ਗੁਰੂਮੇਲ | ਅਮਰੀਕਾ | 1986 |
| 14. | ਦੇਵ | ਸਵਿਟਜ਼ਰਲੈਂਡ | 1986 |
| 15. | ਸ਼ਿਵਚਰਨ ਗਿੱਲ | ਇੰਗਲੈਂਡ | 1986 |
| 16. | ਡਾ. ਹਰਿਭਜਨ ਸਿੰਘ | ਭਾਰਤ | 1987 |
| 17. | ਡਾ. ਜਸਬੀਰ ਸਿੰਘ ਆਹਲੂਵਾਲੀਆ | ਭਾਰਤ | 1988 |

| | | | |
|---|---|---|---|
| 18. | ਬਲਵੰਤ ਗਾਰਗੀ | ਭਾਰਤ | 1989 |
| 19. | ਹਰਦੇਵ ਸਿੰਘ (ਚਿਤਰਕਾਰ) | ਕੈਨੇਡਾ | 1989 |
| 20. | ਤਾਰਾ ਸਿੰਘ | ਭਾਰਤ | 1990 |
| 21. | ਗੁਲਜ਼ਾਰ ਸਿੰਘ ਸੰਧੂ | ਭਾਰਤ | 1990 |
| 22. | ਅਜਮੇਰ ਸਿੰਘ ਔਲਖ | ਭਾਰਤ | 1990 |
| 23. | ਡਾ. ਤੇਜਵੰਤ ਸਿੰਘ ਗਿੱਲ | ਭਾਰਤ | 1991 |
| 24. | ਅਮਰਜੀਤ ਸਿੰਘ (ਅਕਸ) | ਭਾਰਤ | 1992 |
| 25. | ਤਾਰਾ ਸਿੰਘ ਹੇਅਰ | ਕੈਨੇਡਾ | 1992 |
| 26. | ਡਾ. ਰਘਬੀਰ ਸਿੰਘ (ਸਿਰਜਣਾ) | ਭਾਰਤ | 1993 |
| 27. | ਡਾ. ਕੁਲਬੀਰ ਸਿੰਘ ਕਾਂਗ | ਭਾਰਤ | 1994 |
| 28. | ਡਾ. ਪ੍ਰੇਮ ਪ੍ਰਕਾਸ਼ ਸਿੰਘ | ਕੈਨੇਡਾ | 1994 |
| 29. | ਡਾ. ਜੋਗਿੰਦਰ ਸਿੰਘ ਪੁਆਰ | ਭਾਰਤ | 1995 |
| 30. | ਡਾ. ਮਨਜੀਤਪਾਲ ਕੌਰ | ਭਾਰਤ | 1996 |
| 31. | ਡਾ. ਸੁਤਿੰਦਰ ਸਿੰਘ ਨੂਰ | ਭਾਰਤ | 1997 |
| 32. | ਪ੍ਰੋ. ਬ੍ਰਹਮਜਗਦੀਸ਼ ਸਿੰਘ | ਭਾਰਤ | 1997 |
| 33. | ਡਾ. ਅਮਰਜੀਤ ਕੌਂਕੇ | ਭਾਰਤ | 1998 |
| 34. | ਇਲਿਆਸ ਘੁੰਮਣ | ਪਾਕਿਸਤਾਨ | 1998 |
| 35. | ਅਮਰ ਜਯੋਤੀ | ਨੀਦਰਲੈਂਡਜ਼ | 1998 |
| 36. | ਡਾ. ਅਖਤਰ ਹੁਸੈਨ ਅਖਤਰ | ਪਾਕਿਸਤਾਨ | 1999 |
| 37. | ਜਸਬੀਰ ਭੁੱਲਰ | ਭਾਰਤ | 2000 |
| 38. | ਅਜੀਤ ਰਾਹੀ | ਆਸਟ੍ਰੇਲੀਆ | 2000 |
| 39. | ਬਲਿਹਾਰ ਸਿੰਘ ਰੰਧਾਵਾ | ਇੰਗਲੈਂਡ | 2000 |
| 40. | ਹਰਭਜਨ ਸਿੰਘ ਹਲਵਾਰਵੀ | ਭਾਰਤ | 2000 |
| 41. | ਅਵਤਾਰ ਜੌੜਾ | ਭਾਰਤ | 2001 |
| 42. | ਡਾ. ਮਨਜੀਤ ਸਿੰਘ | ਭਾਰਤ | 2002 |
| 43. | ਪ੍ਰੋ. ਰਾਸ਼ਦ ਹਸਨ ਰਾਣਾ | ਪਾਕਿਸਤਾਨ | 2005 |
| 44. | ਪ੍ਰੋ. ਆਸ਼ਿਕ ਰਹੀਲ | ਪਾਕਿਸਤਾਨ | 2006 |
| 45. | ਡਾ. ਵਨੀਤਾ | ਭਾਰਤ | 2007 |
| 46. | ਡਾ. ਸਾਹਿਬ ਸਿੰਘ | ਭਾਰਤ | 2008 |
| 47. | ਪ੍ਰਮਿੰਦਰਜੀਤ | ਭਾਰਤ | 2009 |
| 48. | ਕੇਵਲ ਧਾਲੀਵਾਲ | ਭਾਰਤ | 2010 |
| 49. | ਮਨਜੀਤ ਮੀਤ | ਕੈਨੇਡਾ | 2010 |
| 50. | ਗੁਰਦਿਆਲ ਕੰਵਲ | ਕੈਨੇਡਾ | 2010 |
| 51. | ਚਰਨ ਸਿੰਘ | ਕੈਨੇਡਾ | 2011 |

| | | | |
|---|---|---|---|
| 52. | ਡਾ. ਨਿਗਹਤ ਖੁਰਸ਼ੀਦ | ਪਾਕਿਸਤਾਨ | 2012 |
| 53. | ਕੇਵਲ ਧਾਲੀਵਾਲ | ਭਾਰਤ | 2013 |
| | ਸ਼੍ਰੋਮਣੀ ਨਟ ਸਮਰਾਟ ਪੁਰਸਕਾਰ | | |
| 54. | ਕੇਵਲ ਧਾਲੀਵਾਲ | ਭਾਰਤ | 2016 |
| | ਬਲਵੰਤ ਗਾਰਗੀ ਯਾਦਗਾਰੀ ਰੰਗਮੰਚ ਪੁਰਸਕਾਰ | | |
| 55. | ਕੇਵਲ ਧਾਲੀਵਾਲ | ਭਾਰਤ | 2017 |
| | ਸ਼੍ਰੋਮਣੀ ਕਾਵਿ-ਨਾਟ-ਨਿਰਦੇਸ਼ਕ | | |
| 56. | ਕੇਵਲ ਧਾਲੀਵਾਲ | ਭਾਰਤ | 2018 |
| | ਰੰਗਮੰਚ ਰਤਨ ਪੁਰਸਕਾਰ | | |

## (ਸ਼੍ਰੋਮਣੀ ਨਟ ਸਮਰਾਟ ਪੁਰਸਕਾਰ)

ਇਆਪਾ ਦੀ ਸ਼ਾਖ: 'ਸਾਹਿਤ ਵਿਚਾਰ ਮੰਚ, ਕੈਨੇਡਾ' ਵਲੋਂ ਹੇਠ ਲਿਖੇ ਸਾਹਿਤਕਾਰਾਂ/ਲੇਖਕਾਂ ਦਾ 'ਵਿਸ਼ਵ ਪੰਜਾਬੀ ਸਾਹਿਤਕਾਰ ਪੁਰਸਕਾਰ' ਨਾਲ ਸਨਮਾਨ ਕੀਤਾ ਗਿਆ। ਪੁਰਸਕਾਰ ਵਿਚ ਸਨਮਾਨ-ਚਿੰਨ੍ਹ, ਪੱਤਰ ਤੇ 500 ਡਾਲਰ ਸ਼ਾਮਿਲ ਹਨ।

| | | | |
|---|---|---|---|
| 1. | ਕੁਲਵੰਤ ਸਿੰਘ ਵਿਰਕ | ਭਾਰਤ | 1983 |
| 2. | ਕਪੂਰ ਸਿੰਘ ਘੁੰਮਣ | ਭਾਰਤ | 1984 |
| 3. | ਡਾ. ਮ. ਸ. ਰੰਧਾਵਾ | ਭਾਰਤ | 1985 |
| 4. | ਪ੍ਰੀਤਮ ਸਿੰਘ ਸਫ਼ੀਰ | ਭਾਰਤ | 1986-87 |
| 5. | ਕੇਵਲ ਧਾਲੀਵਾਲ | | |
| | (ਸ਼੍ਰੋਮਣੀ ਵਿਸ਼ਵ ਰੰਗਕਰਮੀ ਪੁਰਸਕਾਰ) | ਭਾਰਤ | 2014 |

-ਰਵਿੰਦਰ ਰਵੀ

ਦਸੰਬਰ 11, 2021

# ਪੁਸਤਕ ਦਰਸ਼ਨ



ਰਵਿੰਦਰ ਸਿੰਘ ਸੋਢੀ
ਗਗਨ ਮੀਤ
ਡਾ. ਹਰਿੰਦਰ ਸਿੰਘ ਤੁੜ

# ਰਵਿੰਦਰ ਰਵੀ ਦੀ ਕਾਵਿ ਪਰਪੱਕਤਾ ਦਾ ਨਵਾਂ ਅੰਬਰ 'ਦਰਪਨ ਤੇ ਦਰਸ਼ਨ'

ਭਾਵੇਂ ਸੰਤ ਸਿੰਘ ਸੇਖੋਂ ਨੂੰ ਪੰਜਾਬੀ ਸਾਹਿਤ ਦਾ ਬਾਬਾ ਬੋਹੜ ਕਿਹਾ ਜਾਂਦਾ ਹੈ ਪਰ ਮੇਰੇ ਵਿਚਾਰ ਅਨੁਸਾਰ ਇਸ ਲਕਬ ਦਾ ਅਸਲੀ ਹੱਕਦਾਰ ਰਵਿੰਦਰ ਰਵੀ ਹੈ। ਚੁਰਾਸੀ ਸਾਲ ਦੀ ਉਮਰ ਨੂੰ ਢੁੱਕੇ ਰਵੀ ਸਾਹਿਬ ਦੀ ਪਹਿਲੀ ਕਾਵਿ ਪੁਸਤਕ 1961 ਵਿਚ ਪ੍ਰਕਾਸ਼ਿਤ ਹੋਈ ਸੀ ਅਤੇ ਉਹਨਾਂ ਦੇ ਆਪਣੇ ਕਹਿਣ ਮੁਤਾਬਕ "ਏਨੇ ਵਰੇ ਮੇਰੇ ਨਾਲ ਚੱਲਦਿਆਂ ਆਧੁਨਿਕ ਪੰਜਾਬੀ ਕਵੀਆਂ ਦੀਆਂ 4-5 ਪੀੜ੍ਹੀਆਂ ਬੀਤ ਚੁੱਕੀਆਂ ਹਨ।" ਪਰ ਹੈਰਾਨੀ ਦੀ ਗੱਲ ਇਹ ਹੈ ਕਿ ਪਿਛਲੇ ਛੇ ਦਹਾਕੇ ਦੇ ਸਮੇਂ ਵਿਚ ਪੰਜਾਬੀ ਕਾਵਿ ਧਾਰਾ ਦੇ ਵਹਿਣ ਵਿਚ ਕਈ ਸੁਨਾਮੀ ਪੱਧਰ ਦੀਆਂ ਲਹਿਰਾਂ ਅਜਿਹੀਆਂ ਉੱਠੀਆਂ ਕਿ ਉਹਨਾਂ ਦੇ ਤੇਜ ਕਾਵਿ ਪ੍ਰਵਾਹ ਵਿਚ ਕਈ ਪ੍ਰਭਾਵਸ਼ਾਲੀ ਕਵੀ ਅਣਗੌਲੇ ਹੀ ਰਹਿ ਗਏ। ਪਰ ਇਹਨਾਂ ਸਾਹਿਤਕ ਸੁਨਾਮੀਆਂ ਦੇ ਦੌਰਾਨ ਵਿਚ ਵੀ ਰਵਿੰਦਰ ਰਵੀ ਦੇ ਸਾਹਿਤਕ ਚੌਮੁਖੀਏ ਦੀਵੇ ਦੀ ਲੋਅ ਲਟ-ਲਟ ਬਲਦੀ ਰਹੀ ਜਾਂ ਉਸ ਦੀ ਆਪਣੀ ਸੁਨਾਮੀ ਹੀ ਬਾਕੀ ਸੁਨਾਮੀਆਂ ਦੇ ਸਮਾਨੰਤਰ ਬਰਕਰਾਰ ਰਹੀ। ਉਹਨਾਂ ਦੇ ਹੁਣ ਤੱਕ 25 ਕਾਵਿ ਸੰਗ੍ਰਹਿ, ਸੋਲਾਂ ਕਾਵਿ ਨਾਟਕ, ਨੌਂ ਕਹਾਣੀ ਸੰਗ੍ਰਹਿ ਤੋਂ ਇਲਾਵਾ ਸਫ਼ਰਨਾਮਾ, ਸਾਹਿਤਕ ਸਵੈ ਜੀਵਨੀ ਦੀਆਂ ਦੋ ਪੁਸਤਕਾਂ- ਇਕ ਪੰਜਾਬ ਆਰਟਸ ਕੌਂਸਲ ਲਈ ਅਤੇ ਦੂਜੀ ਪੰਜਾਬੀ ਯੂਨੀਵਰਸਿਟੀ ਲਈ, ਸਾਹਿਤਕ ਸਮੀਖਿਆ ਅਧੀਨ ਪੰਜ ਪੁਸਤਕਾਂ , ਪੰਜਾਬੀ ਅਤੇ ਅੰਗਰੇਜੀ ਵਿਚ ਸੱਤ ਪੁਸਤਕਾਂ, ਅੰਗਰੇਜੀ ਵਿਚ ਹੋਰ ਕਵੀਆਂ ਨਾਲ ਸਾਂਝੀਆਂ ਪੰਜ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਉਹਨਾਂ ਦੀਆਂ ਗਿਆਰਾਂ ਪੁਸਤਕਾਂ ਦਾ ਅਨੁਵਾਦ ਸ਼ਾਹਮੁਖੀ ਵਿਚ ਹੋਇਆ ਹੈ। ਇਹੋ ਨਹੀਂ, ਪੰਜਾਬ, ਪੰਜਾਬੀ , ਦਿੱਲੀ ਦੀਆਂ ਯੂਨੀਵਰਸਿਟਆਂਤੋ ਇਲਾਵਾ ਲਾਹੌਰ ਯੂਨੀਵਰਸਿਟੀ ਵਿਚ ਵੀ ਆਪ ਦੁਆਰਾ ਰਚਿਤ ਵੱਖ ਵੱਖ ਸਾਹਿਤਕ ਵੰਨਗੀਆਂ ਤੇ ਕਈ ਖੋਜਾਰਥੀਆਂ ਵੱਲੋਂ ਐਮ ਫ਼ਿਲ ਅਤੇ ਪੀ ਐਚ ਡੀ ਪੱਧਰ ਦੇ ਖੋਜ/ਸ਼ੋਧ ਪ੍ਰਬੰਧ ਲਿਖੇ ਜਾ ਚੁੱਕੇ ਹਨ ਅਤੇ ਲਿਖੇ ਵੀ ਜਾ ਰਹੇ ਹਨ। ਆਪ ਦੀਆਂ ਕਈ ਪੁਸਤਕਾਂ ਯੂਨੀਵਰਸਿਟੀ ਪੱਧਰ ਦੇ ਪਾਠਕ੍ਰਮ ਦਾ ਹਿੱਸਾ ਹਨ। ਉਹਨਾਂ ਰਚਿਤ ਸਾਹਿਤ ਤੇ ਕਈ ਵਿਦਵਾਨ ਆਲੋਚਕਾਂ ਵੱਲੋਂ ਆਲੋਚਨਾਤਮਕ ਪੁਸਤਕਾਂ ਵੀ ਲਿਖੀਆਂ ਗਈਆਂ ਹਨ। ਆਪ ਦੁਆਰਾ ਲਿਖੇ ਤਕਰੀਬਨ ਸਾਰੇ ਹੀ ਕਾਵਿ-ਨਾਟਕ ਭਾਰਤ ਦੇ ਨਾਮਵਰ ਰੰਗਕਰਮੀਆਂ ਵੱਲੋਂ ਸਫਲਤਾ ਪੂਰਵਕ ਰੰਗ ਮੰਚ ਤੇ ਪੇਸ਼ ਕੀਤੇ ਜਾ ਚੁੱਕੇ ਹਨ। ਆਪ ਨੂੰ ਮਿਲੇ ਸਨਮਾਨਾਂ ਦੀ ਲੰਬੀ ਸੂਚੀ ਵੀ ਰਸ਼ਕ ਯੋਗ ਹੈ।

ਰਵਿੰਦਰ ਰਵੀ ਰਚਿਤ ਸਾਹਿਤ ਦੀ ਵਿਸ਼ੇਸ਼ਤਾ ਇਹੋ ਨਹੀਂ ਕਿ ਵਿਦਵਾਨਾਂ ਦੇ ਨਾਲ ਨਾਲ ਸਧਾਰਨ ਪਾਠਕਾਂ ਨੇ ਵੀ ਆਪ ਦੇ ਸਾਹਿਤ ਨੂੰ ਮਾਣਿਆ ਹੈ ਸਗੋਂ ਇਸ ਵਿਚ ਵੀ ਹੈ ਕਿ ਰਵੀ ਰਚਿਤ ਸਾਹਿਤ ਨੇ ਸਮੇਂ ਅਤੇ ਸਥਾਨ ਦੇ ਦਾਇਰੇ ਵਿਚੋਂ ਨਿਕਲ ਕੇ ਸਮੁੱਚੀ ਕਾਇਨਾਤ ਨੂੰ ਆਪਣੇ ਕਲਾਵੇ ਵਿਚ ਲਿਆ ਹੈ।

ਰਵੀ ਦੇ ਕਾਵਿ-ਜਗਤ ਦੀ ਇਕ ਹੋਰ ਗੱਲ ਬੜੀ ਵਿਲੱਖਣ ਹੈ ਕਿ ਉਹ ਇਕ ਬਿੰਦੂ ਤੋਂ ਬ੍ਰਹਿਮੰਡ ਸਿਰਜਣ ਦੇ ਸਮਰਥ ਹੈ ਅਤੇ ਪੂਰੇ ਬ੍ਰਹਿਮੰਡ ਨੂੰ ਬਿੰਦੂ ਵਿਚ ਵੀ ਸਮਾਉਣ ਦੀ ਕਾਵਿ ਜੁਗਤ ਵਿਚ ਅਬੂਰ ਪ੍ਰਵੀਨ ਹੈ। ਕਾਵਿ ਸ਼ੈਲੀ ਵਿਚ ਅਜਿਹਾ ਆਬੂਰ ਹਰ ਕਵੀ ਨੂੰ ਨਸੀਬ ਨਹੀਂ ਹੁੰਦਾ।

ਉਸ ਦੇ ਨਵ ਪ੍ਰਕਾਸ਼ਿਤ ਕਾਵਿ ਸੰਗਹਿ "ਦਰਪਨ ਤੇ ਦਰਸ਼ਨ" ਦੇ ਅਧਿਅਨ ਸਮੇਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਰਵੀ ਨੇ ਆਪਣੀਆਂ ਬਹੁਤੀਆਂ ਕਵਿਤਾਵਾਂ ਵਿਚ ਸਦੀਵੀ ਸੱਚ ਨੂੰ ਪੇਸ਼ ਕੀਤਾ ਹੈ। ਵਿਦਵਾਨਾਂ ਦਾ ਮੱਤ ਹੈ ਕਿ ਬੀਤ ਚੁੱਕਿਆ ਸਮਾਂ ਇਤਿਹਾਸ ਬਣ ਚੁੱਕਿਆ ਹੈ ਅਤੇ ਸਮੇਂ ਦਾ ਗੇੜ ਕਦੇ ਵੀ ਪਿਛਾਂਹ ਨਹੀਂ ਮੋੜਿਆ ਜਾ ਸਕਦਾ; ਆਉਣ ਵਾਲਾ ਸਮਾਂ ਇਕ ਪ੍ਰਛਾਵੇਂ ਦੀ ਤਰ੍ਹਾਂ ਹੈ ਜੋ ਪਕੜ ਵਿਚ ਨਹੀਂ ਆਉਂਦਾ; ਵਰਤਮਾਨ ਹੀ ਸਾਡਾ ਆਪਣਾ ਸਮਾਂ ਹੈ, ਜਿਸ ਨੂੰ ਅਸੀਂ ਆਪਣੀ ਮਰਜ਼ੀ ਅਨੁਸਾਰ ਬਿਤਾ ਸਕਦੇ ਹਾਂ। ਪਰ ਇਹ ਮਰਜ਼ੀ ਉਦੋਂ ਹੀ ਸੰਭਵ ਹੈ ਜਦੋਂ 'ਹੁਣ' ਜਾਂ 'ਛਿਣ' ਨੂੰ ਆਪਣੇ ਅਨੁਸਾਰ ਢਾਲਣ ਦੀ ਸਮਰਥਾ ਹੋਵੇ। ਪ੍ਰਸਤੁਤ ਪੁਸਤਕ ਦੀ ਪਹਿਲੀ ਕਵਿਤਾ 'ਮੇਰੀ ਕਲਮ ਦਵਾਤ' ਵਿਚ ਕਵੀ ਲਿਖਦਾ ਹੈ:

ਹੁਣ ਦਾ 'ਛਿਣ' ਹੀ ਲਟ ਲਟ ਮਚਦਾ
'ਹੁਣ' ਵਿਚ ਬ੍ਰਹਮ ਤੇ ਬ੍ਰਹਿਮੰਡ ਦੋਵੇਂ
'ਹੁਣ' ਵਿਚ ਸ਼ਬਦ ਦਾ 'ਕਰਤਾ'
ਅਰਥ, ਰੂਪ, ਗਿਆਨ ਤੇ ਚਿੰਤਨ
ਮਾਨਵ 'ਹੁਣ' ਦੀ ਬਾਤ।

ਇਸੇ ਗੱਲ ਨੂੰ ਨੂੰ ਕਵੀ ਨੇ ਆਪਣੀ ਇਕ ਹੋਰ ਕਵਿਤਾ "ਹੁਣ ਬਾਣੀ" ਵਿਚ ਅੱਗੇ ਤੋਰਦੇ ਲਿਖਿਆ ਹੈ :

ਅਗਲਾ ਛਿਣ ਤਾਂ ਅਗਲਾ ਛਿਣ ਹੈ
ਲਾਰਿਆਂ ਵਿਚ ਕੀ ਪੈਣਾ???

ਪਰ "ਇਸ਼ਕ ਹੀ ਸਾਡੀ ਜ਼ਾਤ" ਵਿਚ ਉਹ 'ਤ੍ਰੈ-ਕਾਲੀ ਚਿੰਤਨ' ਦੇ ਹੱਕ ਵਿਚ ਭੁਗਤਦਾ ਹੈ ਅਤੇ 'ਹੁਣ' ਅਤੇ 'ਛਿਣ' ਨੂੰ ਵੀ ਪਿਛਾਂਹ ਧੱਕ ਕੇ ਕਹਿੰਦਾ ਹੈ:

ਤ੍ਰੈ-ਕਾਲੀ ਚਿੰਤਨ ਨੇ ਦਿੱਤੀ,
'ਹੁਣ' ਦੇ 'ਛਿਣ' ਨੂੰ ਮਾਤ।

ਅਸਲ ਵਿਚ ਵਰਤਮਾਨ, ਭੂਤਕਾਲ ਅਤੇ ਭਵਿੱਖ ਦਾ ਤ੍ਰੈ-ਕਾਲੀ ਚਿੰਤਨ ਹਰ ਕਿਸੇ ਦੀ ਪਕੜ ਵਿਚ ਨਹੀਂ ਆ ਸਕਦਾ। ਜਿਸ ਦਾ ਤੀਜਾ ਨੇਤਰ ਖੁਲ੍ਹ ਚੁੱਕਿਆ ਹੋਵੇ ਉਹੀ ਅਜਿਹੇ ਚਿੰਤਨ ਦੀ ਗੱਲ ਕਰ ਸਕਦਾ ਹੈ।

ਇਸ ਕਾਵਿ ਸੰਗ੍ਰਹਿ ਦੀ ਤਕਰੀਬਨ ਹਰ ਕਵਿਤਾ ਹੀ ਆਪਣੇ ਵਿਚ ਸਦੀਵੀ ਸੱਚ ਸਮੋਈ ਬੈਠੀ ਹੈ। ਅਜਿਹੇ ਸੱਚ ਨੂੰ ਰਵੀ ਵਰਗੇ ਪ੍ਰੌੜ ਸਾਹਿਤ ਸਿਰਜਕ ਨੇ ਬਹੁਤ ਹੀ ਸਹਿਜ ਨਾਲ ਅਤੇ ਸਰਲ ਸ਼ਬਦਾਂ ਵਿਚ ਬਿਆਨ ਕੀਤਾ ਹੈ।

'ਮੇਰੀ ਕਲਮ ਦਵਾਤ' ਦੀਆਂ ਇਹਨਾਂ ਸਤਰਾਂ ਵਿਚ ਸਦੀਵੀ ਸੱਚ ਦਾ ਕਲਾਤਮਕ ਪ੍ਰਗਟਾ ਕੀਤਾ ਗਿਆ ਹੈ ਕਿ ਸਮੇਂ ਦੇ ਅਮੋੜ ਵਹਿਣ ਦਾ ਸਾਹਮਣਾ ਕਰਦੇ ਹੋਏ ਜੋ ਆਪਣੀ ਮਿਥੀ ਮੰਜ਼ਿਲ ਵੱਲ ਵਧਦੇ ਰਹਿੰਦੇ ਹਨ, ਉਹੀ ਇਤਿਹਾਸ ਸਿਰਜਣ ਦੇ ਕਾਬਿਲ ਹੁੰਦੇ ਹਨ; ਨਿਰੋਲ ਕਲਪਨਾ ਦੀਆਂ ਉਡਾਰੀਆਂ ਲਾਉਣ ਵਾਲੇ ਤਾਂ ਮਿਥਿਹਾਸਕ ਵਰਤਾਇਆ ਵਿਚ ਹੀ ਜ਼ਿੰਦਗੀ ਬਿਤਾ ਦਿੰਦੇ ਹਨ।

ਪੈੜਾਂ ਨੇ ਇਤਿਹਾਸ ਸਿਰਜਿਆ
ਕਲਪਨਾ ਨੇ ਮਿਥਿਹਾਸ।

'ਅੱਥਰੇ ਘੋੜੇ ਦੀ ਐਂਡ-ਗੇਮ' ਕਵਿਤਾ ਮਨੁੱਖੀ ਜੀਵਨ ਦੀ ਸੱਚਾਈ ਹੇਠ ਲਿਖੇ ਅਨੁਸਾਰ ਪੇਸ਼ ਕਰਦੀ ਹੈ:

ਨਜ਼ਰ ਦੀ ਸੀਮਾਂ,
ਪੈਰਾਂ ਤਕ ਸੀਮਤ ਹੋ ਗਈ ਹੈ
ਤੇ ਪੈਰਾਂ ਨਾਲੋਂ ਵਾਟਾਂ
ਝੜ ਗਈਆਂ ਹਨ-----
ਮਿੱਟੀ ਹੋਰ ਨੇੜੇ ਹੋ ਗਈ ਹੈ
ਤੇ ਅੰਬਰ
ਪਲਕਾਂ 'ਤੇ ਝੁਕ ਗਿਆ ਹੈ
ਆਪਣੇ ਆਪ ਤੋਂ ਤੁਰਿਆ ਸੀ,
ਜੁ ਕਦੇ,
ਆਪਣੇ ਆਪ ਵਿਚ ਮੁੱਕ ਰਿਹਾ ਹੈ।

ਰਵਿੰਦਰ ਰਵੀ ਦੇ ਕਾਵਿ ਸਾਹਿਤ ਦੀ ਇਕ ਹੋਰ ਵਿਸ਼ੇਸ਼ਤਾ ਹੈ ਕਿ ਉਹ ਵਰਤਮਾਨ ਦੇ ਪ੍ਰਮੁੱਖ ਵਰਤਾਰਿਆਂ ਨੂੰ ਕਦੇ ਵੀ ਅੱਖੋਂ ਓਹਲੇ ਨਹੀਂ ਕਰਦਾ, ਇਸੇ ਲਈ ਉਸ ਦਾ ਕਾਵਿ ਸਾਹਿਤ ਵਰਤਮਾਨ ਦਾ ਦਰਪਨ ਹੋ ਨਿਬੜਦਾ ਹੈ। ਅੱਜ ਦਾ ਸਮਾਂ ਕੰਪਿਊਟਰ ਦਾ ਯੁਗ ਹੈ। ਕੰਪਿਊਟਰ ਦੇ ਨਾਲ-ਨਾਲ ਹੀ ਫੇਸਬੁੱਕ ਨੇ ਨੌਜਵਾਨ ਪੀੜ੍ਹੀ ਦੇ ਨਾਲ ਪੁਰਾਣੀ ਪੀੜ੍ਹੀ ਨੂੰ ਵੀ ਆਪਣੀ ਜਕੜ ਵਿਚ ਲੈ ਲਿਆ ਹੈ। ਫੇਸਬੁੱਕ ਤੇ ਲੇਖਕਾਂ ਨੇ ਆਪਣੇ ਆਪਣੇ ਜੁਟ ਬਣਾ ਕੇ ਆਪਣੀਆਂ ਸਾਹਿਤਕ ਕਿਰਤਾਂ ਨੂੰ ਇਕ ਦੂਜੇ ਨਾਲ ਸਾਂਝਾ ਕਰਨ ਦਾ ਜ਼ਰੀਆ ਬਣਾ ਲਿਆ ਹੈ। ਸ਼ੁਰੂ ਸ਼ੁਰੂ ਵਿਚ ਤਾਂ ਸਾਹਿਤਕ ਰਚਨਾਵਾਂ ਤੇ ਟਿਪਣੀਆਂ ਸੁਚਾਰੂ ਢੰਗ ਨਾਲ ਹੁੰਦੀਆਂ ਰਹੀਆਂ ਪਰ ਹੌਲੀ-ਹੌਲੀ "ਵਧੀਆ", "ਬਹੁਤ ਵਧੀਆ, ਕਮਾਲ ਕਰਤਾ" ਆਦਿ ਟਿਪਣੀਆਂ

ਦਾ ਦੌਰ ਸ਼ੁਰੂ ਹੋ ਗਿਆ। ਫੇਸਬੁੱਕ ਵਾਲਿਆਂ ਨੇ ਆਪ ਹੀ ਕੁਝ ਤਸਵੀਰਾਂ ਬਣਾ ਦਿੱਤੀਆਂ। ਜਿਸ ਨਾਲ ਲਿਖਣ ਦਾ ਝੰਝਟ ਵੀ ਖਤਮ ਹੋ ਗਿਆ। ਅਜਿਹੇ ਵਰਤਾਰੇ ਨੂੰ ਦਰਸਾਉਂਦੀ ਕਵਿਤਾ 'ਫੇਸਬੁੱਕ ਟਿੱਪਣੀਆਂ' ਪੜ੍ਹਨ ਯੋਗ ਹੈ। ਇਹ ਕਵਿਤਾ ਯਥਾਰਥਿਕ ਹੋਣ ਦੇ ਨਾਲ-ਨਾਲ ਵਿਅੰਗਮਈ ਵੀ ਹੈ। ਰਵੀ ਦੇ ਵਿਅੰਗ ਬਾਣ ਇਕ ਹੋਰ ਕਵਿਤਾ 'ਮੁਰਗੇ ਵਿਚ ਬੋਤਲਃ ਇਕ ਸਾਹਿਤਕ ਰੀਵੀਊਕਾਰ ਦੀ ਆਤਮ-ਕਥਾ' ਵਿਚ ਵੀ ਦੇਖਣ ਵਾਲੇ ਹਨ।

ਰਵੀ ਨੇ ਇਕ ਹੁਨਰ ਵਿਚ ਪ੍ਰਵੀਨਤਾ ਪ੍ਰਾਪਤ ਕੀਤੀ ਹੋਈ ਹੈ ਕਿ ਉਹ ਦਾਰਸ਼ਨਿਕ ਵਿਚਾਰਾਂ ਨੂੰ ਵੀ ਸਿੱਧੀ-ਸਾਦੀ ਭਾਸ਼ਾ ਵਿਚ ਪੇਸ਼ ਕਰ ਦਿੰਦਾ ਹੈ। ਇਸ ਪੱਖੋਂ 'ਚੱਲਦੀਆਂ ਸੂਈਆਂ ਵਿਚ ਖੜ੍ਹਾ ਸਮਾਂ' ਅਤੇ 'ਮੁਹੱਬਤ, ਸਾਈਕਲ ਤੇ ਸਟੇਅਰਿੰਗ' ਕਵਿਤਾਵਾਂ ਦੇਖੀਆਂ ਜਾ ਸਕਦੀਆਂ ਹਨ।

ਅਜੋਕੇ ਸਮੇਂ ਦੀ ਪੀੜ੍ਹੀ ਵਿਚ ਛੋਟੀ ਉਮਰੇ ਹੀ ਵਰਜਿਤ ਰਿਸ਼ਤਿਆਂ/ ਵਰਤਾਰਿਆਂ ਸੰਬਧੀ ਛੋਟੀ ਉਮਰੇ ਹੀ ਜਿਗਿਆਸਾ ਪੈਦਾ ਹੋ ਰਹੀ ਹੈ ਅਤੇ ਕੁਝ ਮੁਲਕਾਂ ਵਿਚ ਵਿਆਹ ਵਰਗੇ ਰਿਸ਼ਤੇ ਦੀ ਲੋੜ ਨੂੰ ਬੇ-ਲੋੜਾ ਸਮਝਿਆ ਜਾ ਰਿਹਾ ਹੈ। 'ਰਿਸ਼ਤੇਃ ਬਦਲਦੇ ਰੰਗ' ਕਵਿਤਾ ਵਿਚ ਕਵੀ ਲਿਖਦਾ ਹੈਃ

ਬੀਜ ਪੈਦਾ ਹੁੰਦਿਆਂ ਹੀ
ਜੰਮਣ ਲਈ ਕਾਹਲੇ ਨੇ
ਅਜੋਕੇ ਯੁਵਕ
ਰਵਾਇਤ ਦਾ ਖੰਡਨ ਨੇ।

'ਇਕ ਬਹੁ-ਵਿਧ ਮਹਾਂ ਗ੍ਰੰਥ' ਕਵਿਤਾ ਵਿਚ ਵੀ ਅਜੋਕੀ ਪੀੜ੍ਹੀ ਦੀ ਗੱਲ ਕੀਤੀ ਗਈ ਹੈ।

ਕਰਤਾਰਪੁਰ ਸਾਹਿਬ ਦਾ ਲਾਂਘਾਂ ਖੁਲ੍ਹੱਣ ਸੰਬੰਧੀ ਵੀ ਕਵੀ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਦਿਖਾਵੇ ਦੇ ਕਰਮ ਕਾਂਡਾਂ ਤੇ ਚੋਟ ਕਰਦੇ ਲਿਖਿਆ ਹੈ :

ਮਨ ਵਿਚ ਟੁੱਭੀ ਮਾਰ
ਓ ਬੁੱਲ੍ਹਿਆ
ਮਨ ਵਿਚ ਸਗਲ ਦੁਆਰ।

ਇਹੋ ਹੀ ਨਹੀਂ, ਰਵੀ ਨੇ ਪੱਥਰਾਂ ਦੇ ਬੁੱਤਾਂ ਦੀ ਪੂਜਾ ਅਤੇ ਅਜੋਕੇ ਸਮੇਂ ਦੇ ਮਖੌਟਿਆਂ ਵਿਚ ਵਿਚਰ ਰਹੇ ਇਨਸਾਨਾਂ ਨੂੰ "ਉਹ ਵੀ ਇਕ ਭਰਮ ਸਨ/ ਇਹ ਵੀ ਇਕ ਭਰਮ ਹਨ!!! ਕਹਿ ਕੇ ਭੰਡਿਆ ਹੈ। (ਸੱਚ ਪੰਖ ਕਰ ਉੱਡ ਰਿਹਾ)।"

'ਦਰਪਨ ਤੇ ਦਰਸ਼ਨ' ਕਾਵਿ ਸੰਗ੍ਰਹ ਵਿਚ ਕੋਰੋਨਾ-ਕਾਲ ਸੰਬੰਧੀ ਦਰਜ ਕਵਿਤਾਵਾਂ ਵਿਚ ਕਵੀ ਨੇ ਕਈ ਥਾਂ ਸਾਰੇ ਹੀ ਧਰਮਾਂ ਦੇ ਇਸ ਵਿਸ਼ਵਾਸ ਤੇ ਤਨਜ਼

ਕੱਸਿਆ ਹੈ ਕਿ ਹਰ ਮੁਸ਼ਕਿਲ/ ਮੁਸੀਬਤ ਸਮੇਂ ਰੱਬ/ਬਾਬੇ ਬਹੁੜਦੇ ਹਨ। ਕਵੀ ਲਿਖਦਾ ਹੈ:

ਕੋਈ ਵੀ ਨਾ ਬਹੁੜਿਆ
ਪੀਰ, ਫ਼ਕੀਰ ਤੇ ਬਾਬੇ
ਆਪਣੇ ਆਪਣੇ ਮੱਠਾਂ ਵਿਚ,
ਮੱਖੀਆਂ ਮਾਰ ਰਹੇ ਹਨ। (ਕੋਰੋਨਾ ਵਾਇਰਸ ਬਨਾਮ ਤਰਕ)

ਜ਼ਿੰਦਗੀ ਅਤੇ ਮੌਤ ਪ੍ਰਤੀ ਇਸ ਸੁਹਿਰਦ ਕਵੀ ਦਾ ਆਪਣਾ ਸਪਸ਼ਟ ਨਜ਼ਰੀਆ ਹੈ:

ਜ਼ਿੰਦਗੀ ਤੋਂ ਬਾਅਦ
ਮੌਤ ਲਿਖੀ ਹੈ।
ਮੌਤ ਤੋਂ ਬਾਅਦ ਜੋਤ ਹੈ
ਜ਼ਿੰਦਗੀ ਤੇ ਮੌਤ ਵਿਚਕਾਰ
ਕੋਈ ਬੁੱਲ੍ਹੇ ਸ਼ਾਹ ਬਣਕੇ, ਨੱਚ ਉਠਿਆ,
ਕੋਈ ਬੁੱਧ ਬਣ
ਖਾਮੋਸ਼ ਹੈ-------(ਨਾ ਮੈਂ ਬੁੱਲ੍ਹਾ, ਨਾ ਮੈਂ ਬੁੱਧ)

ਕਵੀ ਨੇ ਭਾਰਤ ਵਿਚ ਚੱਲ ਰਹੇ ਕਿਸਾਨ ਅੰਦੋਲਨ ਸੰਬੰਧੀ ਵੀ ਕੁਝ ਕਵਿਤਾਵਾਂ ਪ੍ਰਸਤੁਤ ਪੁਸਤਕ ਵਿਚ ਸ਼ਾਮਲ ਕੀਤੀਆਂ ਹਨ। ਕਵੀ ਕਿਸਾਨਾਂ ਦੀਆਂ ਹੱਕੀ ਮੰਗਾਂ ਪ੍ਰਤੀ ਆਵਾਜ਼ ਬੁਲੰਦ ਕਰਦਾ ਹੈ। ਦੇਸ਼ ਦੇ ਵਰਤਮਾਨ ਹਾਕਮ ਉਸ ਨੂੰ "ਨੀਰੋ" ਜਾਪਦੇ ਹਨ ਜਿਹਨਾਂ ਨੇ ਇਸ ਅੰਦੋਲਨ ਤੋਂ ਪਾਸਾ ਵੱਟਿਆ ਲੱਗਦਾ ਹੈ। ਕਵੀ ਅਨੁਸਾਰ ਅਜਿਹੇ ਨੇਤਾ "ਮਾਨਵਤਾ ਤੋਂ ਸੱਖਣੇ ਨੇਤਾ" ਹਨ। 'ਅੱਜ ਦੇ ਲਘੂ ਚਾਣਕਿਆ ਤੇ ਦੇਸੀ ਅੰਗਰੇਜ' ਕਵਿਤਾ ਵਿਚ ਉਸ ਨੇ ਸਪਸ਼ਟ ਚੇਤਾਵਨੀ ਕੀਤੀ ਹੈ:

ਸ਼ਾਂਤਮਈ ਅੰਦੋਲਨ ਨੂੰ
ਹੱਥਿਆਰਬੰਦ
ਇਨਕਲਾਬ ਦਾ
ਰਸਤਾ ਦਿਖਾ ਰਹੀ ਹੈ।

ਉਹ ਸੌੜੀ ਸੋਚ ਦੇ ਨੇਤਾਵਾਂ ਨੂੰ "ਜਨਤਾ ਦੇ ਇਹ ਕਰਜ਼ਦਾਰ" ਕਹਿੰਦਾ ਹੋਇਆ ਲਿਖਦਾ ਹੈ "ਵੋਟ ਦੇ ਨਾਲ ਜੋ ਰਾਜ ਕਰੇਗਾ/ ਵੋਟ ਦੇ ਨਾਲ ਹੀ ਝੜੇ ਗਾ" (ਘਰ ਘਰ ਸੂਰਜ ਚੜ੍ਹੇਗਾ)। 'ਰਾਜ ਸੱਤਾ ਤੇ ਲੰਕਾ' ਬਹੁਤ ਹੀ ਭਾਵਪੂਰਤ ਕਵਿਤਾ ਹੈ।

ਰਵੀ ਦੀ ਭਾਸ਼ਾ ਤੇ ਪਕੜ ਹੈ, ਇਸੇ ਲਈ ਉਸ ਦਾ ਸਾਹਿਤ ਆਮ ਪਾਠਕਾਂ ਨੂੰ ਵੀ ਆਪਣੀ ਪਕੜ ਵਿਚ ਲੈਂਦਾ ਹੈ। 'ਭੂੰਡ ਪੱਪੀਆਂ' ਅਤੇ 'ਚੂੰਢੀ ਵੱਢ ਲਤੀਫ਼ੇ' ਵਰਗੀ ਅਲੋਪ ਹੋ ਰਹੀ ਸ਼ਬਦਾਵਲੀ ਦੀ ਵਰਤੋਂ ਲੋਕ-ਭਾਸ਼ਾ ਨੂੰ ਜਿਉਂਦਾ ਰਖਦੀ ਹੈ।

ਨੈਸ਼ਨਲ ਬੁੱਕ ਸ਼ਾਪ, ਦਿੱਲੀ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਦਾ ਸਵਰਕ ਵੀ ਕਲਾਤਮਕ ਹੈ ਅਤੇ ਪੁਸਤਕ ਦੀ ਦਿਖ ਵੀ ਪ੍ਰਭਾਵਸ਼ਾਲੀ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ 'ਦਰਪਨ ਤੇ ਦਰਸ਼ਨ' ਕਾਵਿ ਸੰਗ੍ਰਹਿ ਨਾਲ ਰਵਿੰਦਰ ਰਵੀ ਆਪਣੀ ਸਾਹਿਤਕ ਸਰਦਾਰੀ ਨੂੰ ਹੋਰ ਬੁਲੰਦੀ ਤੇ ਲੈ ਕੇ ਗਿਆ ਹੈ।

ਰਵਿੰਦਰ ਸਿੰਘ ਸੋਢੀ
604-369-2371
ਰਿਚਮੰਡ ਕੈਨੇਡਾ

ਦੇਸ-ਪ੍ਰਦੇਸ ਟਾਇਮਜ਼, ਕੈਨੇਡਾ ਤੇ ਇੰਗਲੈਂਡ
13 ਮਾਰਚ, 2021

## ਦਰਪਨ ਤੇ ਦਰਸ਼ਨ: ਸੁਹਜਾਤਮਿਕ ਤੇ ਚਿੰਤਨਸ਼ੀਲ ਕਾਵਿ

'ਰਵਿੰਦਰ ਰਵੀ' ਪੰਜਾਬੀ ਸਾਹਿਤ ਜਗਤ ਵਿੱਚ ਉਹ ਹਸਤਾਖਰ ਹੈ ਜਿਸਨੇ ਸਾਹਿਤ ਦੀ ਹਰ ਵੰਨਗੀ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਦਿੱਤਾ ਹੈ।"ਦਰਪਨ ਤੇ ਦਰਸ਼ਨ" ਰਵਿੰਦਰ ਰਵੀ ਦਾ 25ਵਾਂ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿੱਚ ਕਵੀ ਨੇ ਮਨੁੱਖ ਦੀ ਜ਼ਿੰਦਗੀ ਨਾਲ ਜੁੜੇ ਵੱਖੋ-ਵੱਖਰੇ ਸਰੋਕਾਰਾਂ, ਇਕੱਲੇਪਨ, ਅਜਨਬੀਪਨ, ਸਮੇਂ ਦੇ ਪਰਿਵਰਤਨ, ਮਨੁੱਖ ਦੀ ਦੁਫਾੜ ਹੁੰਦੀ ਸਖ਼ਸ਼ੀਅਤ, ਮਾਨਸਿਕ ਟੁੱਟ-ਭੱਜ, ਮੁਖੌਟਾ ਕਲਚਰ, ਖਪਤ ਕਲਚਰ, ਕੰਪਿਊਟਰ ਯੁੱਗ, ਕੋਰੋਨਾ ਕਾਲ, ਕਿਸਾਨ ਅੰਦੋਲਨ ਆਦਿ ਨੂੰ ਬਹੁਤ ਬਾਰੀਕੀ ਨਾਲ ਕਲਮਬੱਧ ਕੀਤਾ ਹੈ।

ਰਵਿੰਦਰ ਰਵੀ ਅਜਿਹਾ ਕਵੀ ਹੈ ਜਿਸ ਨੇ ਕਵਿਤਾ ਵਿੱਚ ਵਿਸ਼ੇ ਅਤੇ ਸ਼ੈਲੀ ਦੋਹਾਂ ਪੱਖਾਂ ਤੋਂ ਕਈਂ ਪ੍ਰਯੋਗ ਕੀਤੇ। ਇਹ ਪ੍ਰਯੋਗ ਉਸ ਦੀਆਂ ਰਚਨਾਵਾਂ ਵਿੱਚ ਸਹਿਜੇ ਹੀ ਵੇਖਣ ਨੂੰ ਮਿਲ ਜਾਂਦੇ ਹਨ।ਉਸਨੇ 'ਹੁਣਵਾਦ' ਅਤੇ ਸਰਰੀਅਲਿਜ਼ਮ ਜਾਂ ਅਤਿਯਥਾਰਥਵਾਦ ਦੇ ਫ਼ਲਸਫ਼ੇ ਨੂੰ ਬਾਖੂਬੀ ਕਾਵਿਕ ਰੰਗ ਪ੍ਰਦਾਨ ਕੀਤਾ ਹੈ। ਕਵੀ ਨੇ ਹੁਣਵਾਦ ਦੀ ਪ੍ਰੋੜਤਾ ਕੀਤੀ ਹੈ ਜੋ ਇਹਨਾਂ ਸਤਰਾਂ ਵਿੱਚ ਵੇਖੀ ਜਾ ਸਕਦੀ ਹੈ -

" 'ਹੁਣ' ਵਿੱਚ ਬ੍ਰਹਮ ਤੇ ਬ੍ਰਹਮੰਡ ਦੋਵੇਂ,  
'ਹੁਣ' ਵਿੱਚ ਸ਼ਬਦ ਦਾ ਕਰਤਾ  
ਅਰਥ, ਰੂਪ, ਗਿਆਨ ਤੇ ਚਿੰਤਨ  
ਮਾਨਵ 'ਹੁਣ' ਦੀ ਬਾਤ !"

ਸਰਰੀਅਲਿਜ਼ਮ ਜਾਂ ਅਤਿਯਥਾਰਥਵਾਦ ਅਜਿਹੀ ਤਕਨੀਕ ਹੈ ਜਿਸ ਵਿੱਚ ਕਵੀ ਦੀ ਕਲਪਨਾ ਲੰਮੀ ਉਡਾਰੀ ਭਰਦੀ ਹੈ ਅਤੇ ਉਹ ਯਥਾਰਥ ਤੋਂ ਪਾਰ ਦੇਖਣ ਦੇ ਸਮਰੱਥ ਹੁੰਦਾ ਹੈ। ਇਸ ਤਕਨੀਕ ਦੀ ਵਰਤੋਂ ਵੀ ਕਈਂ ਕਵਿਤਾਵਾਂ ਵਿੱਚ ਮਿਲਦੀ ਹੈ।ਉਦਾਹਰਣ ਵਜੋਂ-

"ਪੀਂਘਾਂ,  
ਨਜ਼ਰਾਂ ਵਿੱਚ ਹਨ :  
ਫ਼ੁਟਦੇ, ਫ਼ੁਟਦੇ,  
ਬੱਦਲਾਂ 'ਚੋਂ,  
ਕਿਣ ਮਿਣ,  
ਕਿਰ ਰਹੇ ਹਾਂ !!!"

ਕਵੀ ਨੂੰ ਅਜੋਕੇ ਸਮਾਜ ਦਾ ਖਪਤ ਕਲਚਰ ਵਿੱਚ ਤਬਦੀਲ ਹੋ ਜਾਣਾ ਪਰੇਸ਼ਾਨ ਕਰਦਾ ਹੈ ਜਿਸ ਵਿੱਚ ਰਿਸ਼ਤੇ ਵਸਤੂਆਂ ਵਾਂਗ ਭੋਗ ਦਾ ਹੀ ਸਾਧਨ

ਮਾਤਰ ਬਣ ਕੇ ਰਹਿ ਗਏ ਹਨ–

"ਰਿਸਤਿਆਂ ਦੀ ਇਸ ਮੰਡੀ ਵਿੱਚ
ਮਾਵਾਂ, ਧੀਆਂ, ਭੈਣਾਂ, ਰੁਲ, ਬਿਖਰ ਗਈਆਂ!!!"

ਅੱਜ ਦਾ ਯੁੱਗ ਕੰਪਿਊਟਰ ਦਾ ਯੁੱਗ ਹੈ ਜਿਸ ਵਿੱਚ ਮਨੁੱਖ ਮਨ ਤੋਂ ਜ਼ਿਆਦਾ ਬੁੱਧੀ ਨਾਲ ਕੰਮ ਲੈਂਦਾ ਹੈ, ਮਹਿਸੂਸ ਕਰਨ ਦੀ ਥਾਂ ਸੋਚਣ 'ਤੇ ਵਧੇਰੇ ਜ਼ੋਰ ਦਿੰਦਾ ਹੈ। ਕੰਪਿਊਟਰ ਯੁੱਗ ਨਾਲ ਸੰਬੰਧਿਤ ਇਹ ਸਤਰਾਂ ਇਸ ਗੱਲ ਦੀ ਹਾਮੀ ਭਰਦੀਆਂ ਹਨ–

"ਕੰਪਿਊਟਰ ਨੇ ਮੇਰੀ
ਕਲਮ ਦਵਾਤ ਖੋਹ ਲਈ ਹੈ,
ਮੇਰੀ ਚਿੱਠੀ, ਮੇਰਾ ਡਾਕੀਆ,
ਮੇਰੀ ਉਡੀਕ ਵੀ"

ਅਜੋਕੇ ਮਸ਼ੀਨੀ ਯੁੱਗ ਵਿੱਚ ਵਿਚਰਦਿਆਂ ਮਨੁੱਖ ਇਕਲਾਪੇ ਦਾ ਸ਼ਿਕਾਰ ਹੁੰਦਾ ਹੈ–

"ਜਦੋਂ ਅਸਮਾਨ ਹੀ ਨਜ਼ਰ ਨਹੀਂ ਆਉਂਦਾ,
ਤਾਂ ਦੁਮੇਲ ਦੀ ਹੋਂਦ ਕੀ ਏ?
ਆਸ, ਇੱਛਾ ਬੇ–ਵਜੂਦ ਹੋ ਜਾਂਦੀ ਹੈ,
ਸੁਫ਼ਨੇ ਸ਼ੂਨਯ ਤੇ ਫੈਂਟਸੀ ਸਿਫ਼ਰ।"

ਅਜਿਹੀ ਹਾਲਤ ਵਿੱਚ ਘਿਰੇ ਮਨੁੱਖ ਦੀ ਮਾਨਸਿਕਤਾ ਵਿੱਚ ਟੁੱਟ–ਭੱਜ ਜਾਰੀ ਰਹਿੰਦੀ ਹੈ। ਉਹ ਆਪਣੀਆਂ ਸੋਚਾਂ ਤੇ ਫਿਰ ਉਨ੍ਹਾਂ ਸੋਚਾਂ ਦੀਆਂ ਪ੍ਰਤਿ–ਸੋਚਾਂ ਵਿੱਚ ਗੁਆਚਿਆ ਮਾਨਸਿਕ ਪੀੜਾ ਹੰਢਾਉਂਦਾ ਹੈ–

"ਸੋਚਾਂ ਦੇ ਪਾਗਲਖਾਨੇ ਵਿੱਚ,
ਵਿਸ਼ ਪੀ ਰਹੇ ਨੇ ਸੁਕਰਾਤ ਕਈ।
ਇਹ ਜੀਵਨ ਇਕ ਅੜਾਉਣੀ ਹੈ,
ਨਾ ਦਿਨ ਪੁੱਗੇ, ਨਾ ਰਾਤ ਗਈ।"

ਇਸ ਨਿਰਾਸ਼ਾਜਨਕ ਸਥਿਤੀ ਵਿੱਚੋਂ ਨਿਕਲਣ ਲਈ ਕਵੀ ਨੇ ਯਥਾਰਥ ਨਾਲੋਂ ਫੈਂਟਸੀ ਜਾਂ ਕਲਪਨਾ ਨੂੰ ਤਰਜੀਹ ਦਿੱਤੀ ਹੈ। ਕਵੀ ਅਨੁਸਾਰ ਸੁਫ਼ਨੇ ਸਾਨੂੰ ਤੁਰੇ ਰਹਿਣ ਦਾ ਹੌਂਸਲਾ ਦਿੰਦੇ ਹਨ, ਉਮੀਦ ਜਗਾਉਂਦੇ ਹਨ। ਮਨੁੱਖ ਆਸਵੰਦ ਹੋ ਨਿਰਾਸ਼ਾ ਤੋਂ ਉੱਪਰ ਉੱਠ ਜਾਂਦਾ ਹੈ। ਮਿਸਾਲ ਵਜੋਂ–

"ਖੜੋਤ ਤੋਂ ਚੰਗਾ ਹੈ ਸੁਫ਼ਨਾ,
ਜੁ ਖੋਜ ਨੂੰ ਪੰਖ ਲਾਉਂਦਾ,
ਨਿੱਤ,
ਉਡਾਰੀ ਭਰਦਾ ਹੈ!!!"

ਇਸ ਕਾਵਿ ਸੰਗ੍ਰਹਿ ਵਿੱਚ ਅਜੋਕੇ ਸਮੇਂ ਦੀਆਂ ਸਮਾਜਿਕ ਤੇ ਰਾਜਨੀਤਕ ਸਥਿਤੀਆਂ ਬਾਰੇ ਵੀ ਕਵਿਤਾਵਾਂ ਮਿਲਦੀਆਂ ਹਨ। ਕੋਰੋਨਾ ਕਾਲ ਨੇ ਸਾਡੇ ਜੀਵਨ, ਰਹਿਣ-ਸਹਿਣ ਅਤੇ ਮਨ ਉੱਪਰ ਜੋ ਅਸਰ ਪਾਇਆ ਹੈ, ਉਸਦੀ ਪੇਸ਼ਕਾਰੀ ਬਹੁਤ ਹੀ ਸਟੀਕ ਲਫ਼ਜ਼ਾਂ ਵਿੱਚ ਕੀਤੀ ਗਈ ਹੈ-

"ਕੋਰੋਨਾ ਕੀ ਆਇਆ, ਖ਼ੁਦਾ ਪਰਖੇ ਗਏ
. . . . . . . . . . . . . . . . . . . . . .
ਮੌਤਾਂ ਦੇ ਮੁਹਰੇ ਨਾ ਉੱਚਾ, ਨਾ ਨੀਵਾਂ
ਜੀਵਨ ਦੇ ਸਾਰੇ ਉਪਾ ਪਰਖੇ ਗਏ।"

ਸਮਾਜ ਵਿੱਚ ਫੈਲੀ ਅਰਾਜਕਤਾ, ਸੱਚ ਤੇ ਨਿਆਂ ਲਈ ਆਵਾਜ਼ ਬੁਲੰਦ ਕਰਦੇ ਸੰਘਰਸ਼ਾਂ ਅਤੇ ਚੱਲ ਰਹੇ ਕਿਸਾਨ ਅੰਦੋਲਨ ਨੇ ਕਵੀ ਮਨ ਉੱਪਰ ਡੂੰਘਾ ਅਸਰ ਪਾਇਆ ਹੈ। ਸੱਚ ਤੇ ਨਿਆਂ ਦੇ ਹੱਕ ਵਿੱਚ ਖਲੋਂਦਿਆਂ, ਕਿਸਾਨਾਂ ਦੀ ਹੌਂਸਲਾ-ਅਫ਼ਜ਼ਾਈ ਕਰਦਿਆਂ ਕਵੀ ਲਿਖਦਾ ਹੈ-

"ਇਹ ਪੰਨੇ ਨਵ-ਇਤਿਹਾਸ ਦੇ
ਹੁਣ ਘਰ, ਘਰ, ਸੂਰਜ ਚੜ੍ਹੇਗਾ!!!

ਜੁ ਤੇਰੀ ਅੱਖ ਵਿੱਚ ਹੈ ਕਿਰਸਾਣਾਂ
ਉਹ ਹੀ ਸੂਰਜ ਚੜ੍ਹੇਗਾ!!!"

ਇਸ ਕਾਵਿ ਸੰਗ੍ਰਹਿ ਵਿੱਚ ਕਵੀ ਨੇ ਕਈਥੇਂ ਥਾਵਾਂ 'ਤੇ ਬਹੁਤ ਪ੍ਰਭਾਵਸ਼ਾਲੀ ਬਿੰਬਾਂ ਰਾਹੀਂ ਵਿਅੰਗਾਤਮਕ ਢੰਗ ਨਾਲ ਰਾਜ ਸੱਤਾ ਉੱਪਰ ਕਰਾਰੀ ਚੋਟ ਕੀਤੀ ਹੈ-

"ਦਿੱਲੀ ਜਲ ਰਹੀ,
ਪਰ ਨੀਰੋ,
ਬੰਸਰੀ ਵਜਾ ਰਿਹਾ ਹੈ!!!"

ਜ਼ਿੰਦਗੀ ਨਿਰੰਤਰ ਸੰਘਰਸ਼ ਦਾ ਨਾਮ ਹੈ। ਕਵੀ ਵੀ ਇਹਨਾਂ ਸੰਘਰਸ਼ਾਂ ਨਾਲ ਜੂਝਦਿਆਂ ਜ਼ਿੰਦਗੀ ਦੇ ਦਰਸ਼ਨ ਨੂੰ ਆਤਮਸਾਤ ਕਰਦਿਆਂ ਚੇਤੰਨਤਾ ਦੇ ਪੱਧਰ 'ਤੇ ਜਾਗਿਆ ਹੋਇਆ ਹੈ -

"ਮੈਂ ਵੀ ਜਾਗ ਰਿਹਾ ਹਾਂ!
ਸੋਚਦਾ ਹਾਂ :
ਮਾਨਵੀ ਰਿਸ਼ਤਿਆਂ ਦੀ ਉਮਰ,
ਏਨੀ ਛੋਟੀ ਕਿਉਂ ਹੁੰਦੀ ਹੈ?
ਜਿਸਮ ਤੋਂ ਜਿਸਮ ਤਕ ??
ਜੀਣ ਤੋਂ ਮਰਨ ਤਕ ???"

ਇਹ ਕਾਵਿ ਸੰਗ੍ਰਹਿ ਇੱਕ ਦਰਪਨ/ਸ਼ੀਸ਼ੇ ਦੀ ਨਿਆਈਂ ਹੈ ਜਿਸ ਵਿੱਚ ਸਾਨੂੰ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਦੇ ਦਰਸ਼ਨ ਹੁੰਦੇ ਹਨ। ਸੋ ਇਸ ਲਿਹਾਜ਼ ਨਾਲ ਇਸਦਾ ਸਿਰਲੇਖ ਵੀ ਬਹੁਤ ਢੁੱਕਵਾਂ ਹੈ -

"ਦ੍ਰਿਸ਼ਟੀ ਤੇ ਦਰਸ਼ਨ ਦਾ ਕ੍ਰਿਸ਼ਮਾ
ਇਹ ਸਾਰੀ ਕਾਇਨਾਤ।"

ਅੰਤ ਵਿੱਚ ਕਹਿਣਾ ਚਾਹਾਂਗੀ ਕਿ ਰਵਿੰਦਰ ਰਵੀ ਦਾ ਕਾਵਿ ਸੁਹਜਾਤਮਕ ਹੋਣ ਦੇ ਨਾਲ - ਨਾਲ ਚਿੰਤਨਸ਼ੀਲ ਕਾਵਿ ਹੈ। ਇਹ ਕਾਵਿ ਸਾਨੂੰ ਬਾਰ-ਬਾਰ ਪੜ੍ਹਨ ਲਈ ਪ੍ਰੇਰਦਾ ਹੈ ਅਤੇ ਇਨ੍ਹਾਂ ਕਵਿਤਾਵਾਂ ਵਿੱਚ ਸਮੋਏ ਜੀਵਨ-ਦਰਸ਼ਨ ਨੂੰ ਚਿੰਤਨ, ਮਨਨ ਕਰਨ ਲਈ ਉਤਸਾਹਿਤ ਕਰਦਾ ਹੈ।

ਗਗਨ ਮੀਤ

23 ਫ਼ਰਵਰੀ, 2021 ਨੂੰ 'ਫੇਸਬੁੱਕ' ਉੱਤੇ ਪੋਸਟ ਕੀਤਾ ਗਿਆ।

# ਦਰਪਨ ਤੇ ਦਰਸ਼ਨ (ਕਾਵਿ ਸੰਗ੍ਰਹਿ) ਰਵਿੰਦਰ ਰਵੀ

ਰਵਿੰਦਰ ਰਵੀ ਦਾ 'ਦਰਪਨ ਤੇ ਦਰਸ਼ਨ' 25ਵਾਂ ਕਾਵਿ-ਸੰਗ੍ਰਹਿ ਹੈ। ਉਸ ਦਾ ਪੰਜਾਬੀ ਸਾਹਿਤ ਨੂੰ ਯੋਗਦਾਨ ਇਹ ਹੈ ਕਿ ਉਸਦੀ ਨਵੀਂ ਪੁਸਤਕ ਦੀ ਉਡੀਕ ਪਾਠਕ ਤੇ ਆਲੋਚਕਾਂ ਨੂੰ ਰਹਿੰਦੀ ਹੈ। ਉਸਨੇ ਸਾਹਿਤ ਦੇ ਰੂਪਾਂ ਕਵਿਤਾ, ਕਹਾਣੀ, ਕਾਵਿ-ਨਾਟਕ, ਸਵੈ-ਜੀਵਨੀ, ਵਾਰਤਕ ਤੇ ਆਲੋਚਨਾ ਦੇ ਖੇਤਰ ਵਿਚ ਸਰਬਾਂਗੀ ਪਹਿਚਾਣ ਸਥਾਪਿਤ ਕੀਤੀ। ਉਨ੍ਹਾਂ ਦੀਆਂ ਹੁਣ ਤੱਕ 60 ਦੇ ਕਰੀਬ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਜਿਨ੍ਹਾਂ ਵਿਚ ਕਾਵਿ-ਸੰਗ੍ਰਹਿ 25, ਵਾਰਤਕ 4, ਕਹਾਣੀ ਸੰਗ੍ਰਹਿ 9, ਕਾਵਿ-ਨਾਟਕ 16, ਸਾਹਿਤਕ ਆਲੋਚਨਾ 4, ਸਵੈ-ਜੀਵਨੀ 2, ਯਾਤਰਾ 1 ਆਦਿ ਹਨ। ਪਾਕਿਸਤਾਨ ਵਿਚ ਸ਼ਾਹਮੁਖੀ ਵਿਚ ਪੁਸਤਕਾਂ ਵੀ ਉਪਲਬਧ ਹਨ। ਜੇਕਰ ਮਾਣ-ਸਨਮਾਨ ਤੇ ਪੁਸਤਕਾਂ ਦੀ ਗੱਲ ਕੀਤੀ ਜਾਵੇ ਤਾਂ ਉਹ ਅਣਗਿਣਤ ਹਨ। ਭਾਰਤ ਤੇ ਪਾਕਿਸਤਾਨ ਵਿਚ ਉਸ ਦੀਆਂ ਪੁਸਤਕਾਂ ਉੱਪਰ ਅਨੇਕ ਖੋਜ-ਪ੍ਰਬੰਧ ਤੇ ਖੋਜ-ਨਿਬੰਧ ਕਰਵਾਏ ਗਏ। 'ਦਰਪਨ ਤੇ ਦਰਸ਼ਨ' ਕਾਵਿ-ਸੰਗ੍ਰਹਿ ਵਿਚ ਸਮਾਜ ਦੇ ਹਰੇਕ ਵਿਸ਼ੇ ਨਾਲ ਸੰਬੰਧਿਤ 59 ਕਵਿਤਾਵਾਂ, ਕੋਰੋਨਾ ਕਾਲ ਨਾਲ ਸੰਬੰਧਤ 7, ਕਿਸਾਨ ਅੰਦੋਲਨ ਨਾਲ ਸੰਬੰਧਤ 15 ਕਵਿਤਾਵਾਂ ਦਰਜ ਹਨ। ਇਸ ਤੋਂ ਇਲਾਵਾ ਪੁਸਤਕ 'ਚ ਅੰਤਿਕਾ, ਰਵਿੰਦਰ ਰਵੀ ਆਲੋਚਕਾਂ ਦੀ ਨਜ਼ਰ ਵਿਚ, ਪੁਸਤਕ ਦਰਸ਼ਨ ਆਦਿ ਸਿਰਲੇਖਾਂ ਅਧੀਨ ਰਵਿੰਦਰ ਰਵੀ ਦਾ ਜੀਵਨ-ਬਿਊਰਾ, ਰਚਨਾਵਾਂ, ਪੁਰਸਕਾਰ, ਇਨਾਮ, ਸਨਮਾਨ, ਰੀਵਿਊ, ਖੋਜ-ਪ੍ਰਬੰਧ, ਖੋਜ-ਨਿਬੰਧ, ਆਲੋਚਨਾਤਮਕ ਪੁਸਤਕਾਂ ਦੇ ਵੇਰਵੇ ਦਰਜ ਹਨ। ਰਵਿੰਦਰ ਰਵੀ ਬਾਰੇ ਮਹੱਤਵਪੂਰਨ ਜਾਣਕਾਰੀ ਦਰਜ ਹੋਣ ਕਰਕੇ ਖੋਜਾਰਥੀਆਂ ਲਈ ਇਹ ਪੁਸਤਕ ਵਿਚਾਰਣਯੋਗ ਹੈ। ਪੁਸਤਕ 'ਦਰਪਨ ਤੇ ਦਰਸ਼ਨ' ਉੱਪਰ ਫੋਕਸ ਕਰੀਏ ਤਾਂ ਆਧੁਨਿਕ ਸਿਸਟਮੀ ਪ੍ਰਬੰਧ ਵਿਚ ਮਨੁੱਖੀ ਹੋਣੀ ਦੀ ਤਸਵੀਰ ਦ੍ਰਿਸ਼ਟੀਗੋਚਰ ਹੁੰਦੀ ਹੈ। ਮਨੁੱਖ ਸਰਕਾਰੀ ਨਿਜ਼ਾਮ, ਅਨਿਆਂ, ਕਾਰਪੋਰੇਟ ਘਰਾਣਿਆਂ ਦੇ ਮੱਕੜ ਜਾਲ 'ਚ ਫਸਿਆ ਹੈ। ਕੋਵਿਡ ਕਾਲ ਦੌਰਾਨ ਭਾਰਤੀ ਸਿਹਤ ਪ੍ਰਣਾਲੀ ਦੀ ਪੋਲ ਵੀ ਖੁੱਲ੍ਹ ਗਈ ਹੈ ਜਿਸ ਕਾਰਨ ਲੱਖਾਂ ਜਾਨਾਂ ਗਈਆਂ। ਕਿਸਾਨੀ ਅੰਦੋਲਨ, ਸਵੈ-ਪਹਿਚਾਣ ਦਾ ਮੁੱਦਾ, ਸਮਾਜਕ ਸਰੋਕਾਰ, ਆਰਥਿਕ ਨਿਘਾਰ, ਮਾਨਸਿਕ ਸੰਤਾਪ, ਬੇਗ਼ਾਨਗੀ, ਉਦਾਸੀਨਤਾ, ਮਖੌਟਾ ਕਲਚਰ ਆਦਿ ਵਿਸ਼ਵ-ਵਿਆਪੀ ਵਿਸ਼ੇ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿਸ ਤੋਂ ਆਰੰਭ ਹੋਇਆ ਅੰਦੋਲਨ ਰਾਸ਼ਟਰੀ ਰੂਪ ਧਾਰਨ ਕਰ ਗਿਆ ਹੈ। ਰਵਿੰਦਰ ਰਵੀ ਦੀਆਂ ਕਵਿਤਾਵਾਂ ਵਿਚ ਮਨੁੱਖ ਆਪਣੇ ਹੱਕਾਂ ਪ੍ਰਤੀ ਜੂਝਦਾ ਦਿਖਾਈ ਦਿੰਦਾ ਹੈ। ਸਰਕਾਰਾਂ ਦੀ ਆਪਣੀ ਅਵਾਮ ਨਾਲ ਧੱਕੇਸ਼ਾਹੀ ਦੇ

ਪ੍ਰਮਾਣ ਵਜੋਂ : "ਅੱਥਰੂ ਗੋਲੇ, ਪਾਣੀ ਤੋਪਾਂ, ਲਾਠੀਆਂ ਵੀ ਬਰਸਾਣ/ਸ਼ਾਂਤਈ ਸੰਘਰਸ਼ ਦੇ ਉੱਤੇ ਕੈਸਾ ਕਹਿਰ ਕਮਾਣ/ ਕਵਿਤਾ ਬਾਰੇ : ਜਦੋਂ ਸੋਚ ਬਿਮਾਰ ਹੋ ਜਾਏ/ਕੁਝ ਵੀ ਰਾਜ਼ੀ ਨਹੀਂ ਰਹਿੰਦਾ।"

ਰਵਿੰਦਰ ਰਵੀ ਦੇ "ਦਰਪਨ ਤੇ ਦਰਸ਼ਨ" ਦੇ ਸਾਹਮਣੇ ਸਾਰਿਆਂ ਦੇ ਅਸਲ ਚਿਹਰੇ ਉਜਾਗਰ ਹੋ ਜਾਂਦੇ ਹਨ। ਸਰਕਾਰੀ ਸਿਸਟਮ ਦੀਆਂ ਅੰਦਰਵਰਤੀ ਪਰਤਾਂ ਨੂੰ ਨਸ਼ਰ ਕਰਕੇ ਕੋਵਿਡ ਮਹਾਂਮਾਰੀ ਤੇ ਕਾਲੇ ਕਾਨੂੰਨਾਂ ਪਿੱਛੇ ਕਾਰਜਸ਼ੀਲ ਘਰਾਣਿਆਂ ਦੇ ਚਿਹਰੇ ਨਜ਼ਰ ਆਉਂਦੇ ਹਨ ਜੋ ਸਾਰੀ ਕਿਰਤੀ ਅਵਾਮ ਦੇ ਪੈਰਾਂ ਹੇਠੋਂ ਜ਼ਮੀਨ ਕੱਢਣਾ ਚਾਹੁੰਦੇ ਹਨ। ਰਵਿੰਦਰ ਰਵੀ ਦੀ ਪੁਸਤਕ "ਦਰਪਨ ਤੇ ਦਰਸ਼ਨ" ਦੀ ਆਮਦ ਮਨੁੱਖ ਨੂੰ ਤੱਥ ਤੇ ਸੱਚ ਨਾਲ ਜੋੜਨ ਲਈ ਸ਼ਲਾਘਾਯੋਗ ਤੇ ਪ੍ਰਭਾਵਦਾਇਕ ਕਦਮ ਹੈ।

ਡਾ. ਹਰਿੰਦਰ ਸਿੰਘ ਤੁੜ

ਸਾਹਿਤਕ ਏਕਮ, ਅੰਮ੍ਰਿਤਸਰ (ਭਾਰਤ)
ਅਕਤੂਬਰ-ਦਸੰਬਰ, 2021